ਮੰਗਲਵਾਰ, 27 ਅਕਤੂਬਰ, 2026
11 ਕੱਤਕ { ਨਾਨਕਸ਼ਾਹੀ 558 / ਬਿਕਰਮੀ 2083
ਜਿਲਦ/VOL. : 75
ਅੰਕ/NO. : 147

ਰੋਜ਼ਾਨਾ
# ਨਵਾਂ ਜ਼ਮਾਨਾ

DAILY NAWAN ZAMANA • TUESDAY, 27 OCTOBER, 2026 ਜਲੰਧਰ

ਕੀਮਤ/PRICE : 5.00 ਰੁਪਏ Regd. No : L-4/Pb-JL-0023/2024-26, (R.N.I.)-00068/57 E-mail : nawanzamana@gmail.com www.nawanzamana.in ਸਫ਼ੇ : 12

'ਨਵਾਂ ਜ਼ਮਾਨਾ' ਦੇ ਫ਼ੋਨ ਨੰਬਰ

| | |
|---|---|
| ਪੁੱਛ-ਗਿੱਛ (ਰਿਸੈਪਸ਼ਨ) | 0181-5097300 |
| ਇਸ਼ਤਿਹਾਰ ਵਿਭਾਗ | 0181-5097302 |
| ਸਾਹਿਤ ਸੰਪਾਦਕ (ਐਤਵਾਰਤਾ) | 0181-5097305 |
| ਕੰਪਿਊਟਰ ਰੂਮ | 0181-5097310 |
| ਵੈੱਬ ਟੀ ਵੀ | 0181-5133160 |

YouTube nawan zamana TV

## ਸ਼ਾਹ ਖਿਲਾਫ ਟਿੱਪਣੀ ਦੇ ਦੋਸ਼ ਤੋਂ ਰਾਹੁਲ ਗਾਂਧੀ ਬਰੀ



**ਸੁਲਤਾਨਪੁਰ (ਯੂ ਪੀ) :** ਇੱਥੋਂ ਦੀ ਇੱਕ ਐੱਮ ਪੀ-ਐੱਮ ਐੱਲ ਏ ਅਦਾਲਤ ਨੇ 2018 ਵਿੱਚ ਤੱਤਕਾਲੀ ਭਾਜਪਾ ਪ੍ਰਧਾਨ ਅਮਿਤ ਸ਼ਾਹ ਖਿਲਾਫ ਕੀਤੀ ਗਈ ਟਿੱਪਣੀ ਨਾਲ ਸੰਬੰਧਤ ਮਾਣਹਾਨੀ ਕੇਸ ਵਿੱਚ ਸੋਮਵਾਰ ਬਰੀ ਕਰ ਦਿੱਤਾ। ਫੈਸਲਾ ਸੁਣਾਏ ਜਾਣ ਮੌਕੇ ਰਾਹੁਲ ਗਾਂਧੀ ਅਦਾਲਤ ਵਿੱਚ ਮੌਜੂਦ ਸਨ। ਉਨ੍ਹਾ ਇਹ ਟਿੱਪਣੀ 2018 ਦੀਆਂ ਕਰਨਾਟਕ ਵਿਧਾਨ ਸਭਾ ਚੋਣਾਂ ਤੋਂ ਪਹਿਲਾਂ ਬੇਂਗਲੁਰੂ ਦੀ ਇੱਕ ਰੈਲੀ ਵਿੱਚ ਕੀਤੀ ਸੀ। ਜ਼ਿਕਰਯੋਗ ਹੈ ਕਿ ਸੁਲਤਾਨਪੁਰ ਦੇ ਜ਼ਿਲ੍ਹਾ ਸਹਿਕਾਰੀ ਬੈਂਕ ਦੇ ਸਾਬਕਾ ਚੇਅਰਮੈਨ ਅਤੇ ਸਥਾਨਕ ਭਾਜਪਾ ਆਗੂ ਵਿਜੇ ਮਿਸ਼ਰਾ ਨੇ 4 ਅਗਸਤ 2018 ਨੂੰ ਰਾਹੁਲ ਗਾਂਧੀ ਖਿਲਾਫ ਇਹ ਮਾਣਹਾਨੀ ਦੀ ਸ਼ਿਕਾਇਤ ਦਰਜ ਕਰਵਾਈ ਸੀ। ਰਾਹੁਲ ਗਾਂਧੀ 2023 ਵਿੱਚ ਅਦਾਲਤ ਵਿੱਚ ਪੇਸ਼ ਹੋ ਕੇ ਜ਼ਮਾਨਤ ਹਾਸਲ ਕਰ ਲਈ ਸੀ। ਰਾਹੁਲ ਗਾਂਧੀ ਜਦੋਂ ਸੁਲਤਾਨਪੁਰ ਜਾ ਰਹੇ ਸਨ ਤਾਂ ਉਨ੍ਹਾ ਦੇ ਕਾਫਲੇ ਦੀਆਂ ਕੁਝ ਗੱਡੀਆਂ ਪੂਰਵਾਂਚਲ ਐੱਕਸਪ੍ਰੈੱਸ-ਵੇਅ 'ਤੇ ਆਪਸ ਵਿੱਚ ਟਕਰਾਅ ਗਈਆਂ। ਇੱਕ ਪੁਲਸ ਅਧਿਕਾਰੀ ਨੇ ਦੱਸਿਆ ਕਿ ਇਹ ਹਾਦਸਾ ਗੰਭੀਰ ਨਹੀਂ ਅਤੇ ਕਿਸੇ ਦੇ ਵੀ ਵੱਡੀ ਸੱਟ ਲੱਗਣ ਦੀ ਖਬਰ ਨਹੀਂ ਹੈ।

## ਵਪਾਰੀ ਮੋਦੀ ਨੂੰ ਮਨਾਉਣ : ਰਾਹੁਲ

**ਨਵੀਂ ਦਿੱਲੀ :** ਰਾਹੁਲ ਗਾਂਧੀ ਨੇ ਸੋਮਵਾਰ ਦਿੱਲੀ ਦੇ ਵਪਾਰੀਆਂ ਨਾਲ ਸੰਪਰਕ ਕੀਤਾ ਅਤੇ ਉਨ੍ਹਾਂ ਨੂੰ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੂੰ ਮੁੱਖ ਚੋਣ ਕਮਿਸ਼ਨਰ ਗਿਆਨੇਸ਼ ਕੁਮਾਰ ਨੂੰ ਹਟਾਉਣ ਲਈ ਕਹਿਣ ਦੀ ਅਪੀਲ ਕੀਤੀ। ਉਨ੍ਹਾ ਕਿਹਾ ਕਿ ਜੇ ਸਰਕਾਰ ਕੁਮਾਰ ਨੂੰ ਬਰਖਾਸਤ ਕਰਦੀ ਹੈ ਤਾਂ ਵਿਰੋਧ ਪ੍ਰਦਰਸ਼ਨ 30 ਸਕਿੰਟਾਂ ਵਿੱਚ ਬੰਦ ਹੋ ਜਾਣਗੇ। ਉਨ੍ਹਾ 'ਐੱਕਸ' ਉੱਤੇ ਲਿਖਿਆ ਕਿ ਵੋਟ ਚੋਰੀ ਦਾ ਮੁੱਦਾ ਵਪਾਰੀਆਂ ਦੇ ਬੱਚਿਆਂ ਦੇ ਭਵਿੱਖ ਨਾਲ ਵੀ ਜੁੜਿਆ ਹੋਇਆ ਹੈ। ਆਪੋਜ਼ੀਸ਼ਨ ਉਨ੍ਹਾਂ ਦੇ ਵਪਾਰ ਨੂੰ ਨੁਕਸਾਨ ਪਹੁੰਚਾਉਣ ਦੇ ਹੱਕ ਵਿੱਚ ਨਹੀਂ।

## ਆਪਣੇ ਹੀ ਮੈਦਾਨ 'ਚ ਖੇਡ ਨਹੀਂ ਸਕੇਗਾ



**ਜਲੰਧਰ :** ਭਾਰਤ ਲਈ ਸਭ ਤੋਂ ਵੱਧ ਮੈਚ ਖੇਡਣ ਵਾਲੇ ਹਾਕੀ ਖਿਡਾਰੀ ਮਨਪ੍ਰੀਤ ਸਿੰਘ ਪਿੰਨੀ ਦੀਆਂ ਮਾਸਪੇਸ਼ੀਆਂ ਖਿੱਚੀਆਂ ਜਾਣ ਕਾਰਨ ਏਸ਼ੀਅਨ ਚੈਂਪੀਅਨਜ਼ ਟਰਾਫੀ ਵਿੱਚ ਨਹੀਂ ਖੇਡ ਸਕਣਗੇ। ਉਹ ਅੱਠਵੀ ਏਸ਼ੀਅਨ ਚੈਂਪੀਅਨਜ਼ ਟਰਾਫੀ ਖੇਡਣ ਵਾਲੇ ਏਸ਼ੀਆ ਦੇ ਪਹਿਲੇ ਖਿਡਾਰੀ ਬਣਨ ਦਾ ਰਿਕਾਰਡ ਬਣਾਉਣ ਦੇ ਬਿਲਕੁਲ ਨੇੜੇ ਸਨ। ਮਨਪ੍ਰੀਤ ਨੇ ਕਿਹਾ, 'ਇਹ ਬਹੁਤ ਵੱਡੀ ਨਿਰਾਸ਼ਾ ਵਾਲੀ ਗੱਲ ਹੈ। ਮੇਰੇ ਲਈ ਆਪਣੇ ਘਰੇਲੂ ਮੈਦਾਨ 'ਤੇ ਖੇਡਣ ਦਾ ਇਹ ਇੱਕ ਵੱਡਾ ਮੌਕਾ ਸੀ, ਪਰ ਹੁਣ ਮੈਂ ਨਹੀਂ ਖੇਡ ਸਕਾਂਗਾ। ਇਹ ਉਹੀ ਥਾਂ ਹੈ, ਜਿੱਥੇ ਮੈਂ ਹਾਕੀ ਖੇਡਣੀ ਸ਼ੁਰੂ ਕੀਤੀ ਸੀ, ਇਸ ਲਈ ਮੈਂ ਬਹੁਤ ਉਤਸ਼ਾਹਤ ਸੀ। ਮੈਨੂੰ ਨਹੀਂ ਪਤਾ ਕਿ ਅਜਿਹਾ ਮੌਕਾ ਮੈਨੂੰ ਦੁਬਾਰਾ ਕਦੋਂ ਮਿਲੇਗਾ।'

## ਦੀਵਾਲੀ ਵਿਸ਼ੇਸ਼ ਸਪਲੀਮੈਂਟ



ਰੀਨਾ ਸ਼ਰਮਾ
ਲੋਹੀਆਂ ਖਾਸ
79861-27371



ਮਲਵਿੰਦਰ ਸਿੰਘ
ਬਟਾਲਾ
98550-20576



ਦਿਨੇਸ਼ ਕੁਮਾਰ
ਗੁਰਦਾਸਪੁਰ
94655-83861



ਸੰਜੀਵ ਅਰੋੜਾ
ਜਗਰਾਓਂ
98145-56990



ਰਾਜੀਵ ਗੋਇਲ
ਭਗਤਾ ਭਾਈਕਾ
92179-00426



ਗੁਰਬਚਨ ਸਿੰਘ ਸੋਨੂੰ
ਫਿਰੋਜ਼ਪੁਰ
76968-11113

ਦੀਵਾਲੀ ਦੇ ਸ਼ੁੱਭ ਦਿਹਾੜੇ ਨੂੰ ਸਮਰਪਿਤ ਵਿਸ਼ੇਸ਼ ਸਪਲੀਮੈਂਟ ਪ੍ਰਕਾਸ਼ਤ ਕੀਤੇ ਜਾ ਰਹੇ ਹਨ। ਇਸ ਸੰਬੰਧੀ ਇਸ਼ਤਿਹਾਰ ਤੇ ਹੋਰ ਛਪਣਯੋਗ ਸਮੱਗਰੀ ਦੇਣ ਲਈ ਸਾਡੇ ਇਨ੍ਹਾਂ ਪੱਤਰਕਾਰਾਂ ਨਾਲ ਸੰਪਰਕ ਕੀਤਾ ਜਾਵੇ। -ਜਨਰਲ ਮੈਨੇਜਰ

## ਅੱਜ-ਨਾਮਾ

ਕੇਂਦਰੀ ਏਜੰਸੀਆਂ ਦੀ ਡਾਢੀ ਦੌੜ ਲੱਗੀ,
ਹਰ ਕੋਈ ਸਿੱਧੀ ਪੰਜਾਬ ਨੂੰ ਆਏ ਬੇਲੀ।
ਚਿੰਤਾ ਪਹਿਲੀ ਨੂੰ ਹੁੰਦੀ ਹੈ ਸਿਰਫ ਏਹੀ,
ਮੂਹਰੇ ਨਿਕਲ ਨਹੀਂ ਦੂਸਰੀ ਜਾਏ ਬੇਲੀ।
ਪਾਇਆ ਪੂਰਾ ਧਮੱਚੜ ਆ ਜਿਵੇਂ ਇਨ੍ਹਾਂ,
ਬੁਰੀ ਤਰ੍ਹਾਂ ਲੋਕੀਂ ਆ ਪਏ ਡਰਾਏ ਬੇਲੀ।
ਹਾਸਲ ਹੁੰਦਾ ਨਹੀਂ ਦੌੜਨ ਤੋਂ ਕੱਖ ਭਾਵੇਂ,
ਜਾਂਵਦੇ ਦਿੱਲੀ ਵਿੱਚ ਨੰਬਰ ਬਣਾਏ ਬੇਲੀ।
ਡਿੱਠੀ ਸੀ ਹੁੰਦੀ ਪੰਜਾਬ ਨੇ ਨਹੀਂ ਜਿਹੜੀ,
ਉਹ ਵੀ ਅੱਖਾਂ ਦੇ ਮੂਹਰੇ ਹੀ ਹੋਈ ਜਾਂਦੀ।
ਵਿੰਨ੍ਹਿਆ ਪਿਆ ਪੰਜਾਬ ਆ ਬਹੁਤ ਅੱਗੇ,
ਅੱਕ ਜੜ੍ਹਾਂ ਵਿੱਚ ਦਿੱਲੀ ਆ ਚੋਈ ਜਾਂਦੀ।

-ਤੀਸ ਮਾਰ ਖਾਂ

# ਸਰਬੀਆ ਦੇ ਸਟੂਡੈਂਟਾਂ ਨੇ ਤਾਨਾਸ਼ਾਹ ਖਦੇੜਿਆ

**ਬੈਲਗਰੇਡ (ਨਵਾਂ ਜ਼ਮਾਨਾ ਸਰਵਿਸ)**
ਅਲੈਗਜ਼ੈਂਡਰ ਵੂਚਿਕ, ਜਿਸ ਨੇ ਇੱਕ ਦਹਾਕੇ ਤੋਂ ਵੱਧ ਸਮੇਂ ਤੋਂ ਸਰਬੀਆ ਦੇ ਸਿਆਸੀ ਜੀਵਨ ਨੂੰ ਆਕਾਰ ਦਿੱਤਾ, ਵਿਦਿਆਰਥੀ-ਅਗਵਾਈ ਵਾਲੇ ਅੰਦੋਲਨ ਤੋਂ ਸੰਸਦੀ ਚੋਣਾਂ ਹਾਰ ਗਿਆ। ਵਿਦਿਆਰਥੀ ਲਗਭਗ ਦੋ ਸਾਲਾਂ ਤੋਂ ਉਸ ਦੀ ਹਕੂਮਤ ਖਿਲਾਫ ਅੰਦੋਲਨ ਕਰ ਰਹੇ ਸਨ। ਗਹਿਗਚ ਮੁਕਾਬਲੇ ਤੋਂ ਬਾਅਦ ਵੂਚਿਕ ਨੇ ਐਤਵਾਰ ਦੀਆਂ ਚੋਣਾਂ ਵਿੱਚ 'ਸਟੂਡੈਂਟ ਲਿਸਟ' ਤੋਂ ਹਾਰ ਮੰਨ ਲਈ, ਜਿਸ ਵਿੱਚ ਵੋਟਰਾਂ ਦੀ ਵੋਟਿੰਗ 30 ਸਾਲਾਂ ਤੋਂ ਵੱਧ ਸਮੇਂ ਵਿੱਚ ਆਪਣੇ ਸਭ ਤੋਂ ਉੱਚੇ ਪੱਧਰ 'ਤੇ ਪਹੁੰਚ ਗਈ ਸੀ।

ਸਰਬੀਅਨ ਪ੍ਰੋਗਰੈਸਿਵ ਪਾਰਟੀ ਦੇ ਨੇਤਾ ਵੂਚਿਕ ਨੇ ਆਪਣੇ ਸਮਰਥਕਾਂ ਨੂੰ ਕਿਹਾ, 'ਇਹ ਸਪੱਸ਼ਟ ਹੈ ਕਿ ਅਸੀਂ ਇਹ ਚੋਣਾਂ ਹਾਰ ਗਏ ਹਾਂ।' ਇਹ ਗੱਲ ਉਸ ਨੇ ਉਦੋਂ ਕਹੀ, ਜਦੋਂ 250 ਮੈਂਬਰੀ ਸੰਸਦ ਵਿੱਚ ਵਿਦਿਆਰਥੀਆਂ ਦੇ ਉਮੀਦਵਾਰ ਕਰੀਬ 140 ਸੀਟਾਂ 'ਤੇ ਅੱਗੇ ਹੋ ਗਏ। 1 ਨਵੰਬਰ, 2024 ਨੂੰ ਨੋਵੀ ਸਾਦ ਸ਼ਹਿਰ ਵਿੱਚ ਇੱਕ ਰੇਲਵੇ ਸਟੇਸ਼ਨ ਦੀ ਛੱਤ ਡਿੱਗਣ ਨਾਲ 16 ਲੋਕਾਂ ਦੀ ਮੌਤ ਤੋਂ ਬਾਅਦ ਵਿਦਿਆਰਥੀ ਅੰਦੋਲਨ ਉਭਰਿਆ ਸੀ। ਨੌਜਵਾਨਾਂ ਦੀ ਅਗਵਾਈ ਵਾਲੇ ਵਿਰੋਧ ਪ੍ਰਦਰਸ਼ਨ ਸਮਾਜਿਕ ਅਸ਼ਾਂਤੀ ਦੀ ਇੱਕ ਵਿਸ਼ਾਲ ਲਹਿਰ ਵਿੱਚ ਵਧੇ ਅਤੇ 'ਸਟੂਡੈਂਟ ਲਿਸਟ' ਨਾਂਅ ਦੇ ਪਲੇਟਫਾਰਮ ਵਿੱਚ ਵਿਕਸਤ ਹੋਏ, ਜਿਸ ਨੇ ਭ੍ਰਿਸ਼ਟਾਚਾਰ ਨਾਲ ਨਜਿੱਠਣ, ਜਨਤਕ ਸੰਸਥਾਵਾਂ ਦਾ ਗੈਰ-ਰਾਜਨੀਤੀਕਰਨ ਕਰਨ ਅਤੇ ਨਾਗਰਿਕਾਂ ਦੇ ਅਧਿਕਾਰਾਂ ਨੂੰ ਬਹਾਲ ਕਰਨ ਦਾ ਵਾਅਦਾ ਕੀਤਾ।

ਚੋਣ ਮੁਹਿੰਮ ਦੌਰਾਨ ਇਸ ਅੰਦੋਲਨ ਦੀ ਅਗਵਾਈ ਨੋਵੀ ਸਾਦ ਵਿੱਚ ਮੈਡੀਸਨ ਫੈਕਲਟੀ ਦੇ ਪ੍ਰੋਫੈਸਰ ਇਲੀਆ ਸਰਦਾਨੋਵਿਚ ਨੇ ਕੀਤੀ। ਰੂਸੀ ਰਾਸ਼ਟਰਪਤੀ ਪੁਤਿਨ ਦੇ ਦੁਲਾਰੇ ਵੂਚਿਕ ਨੇ ਪ੍ਰਦਰਸ਼ਨਕਾਰੀਆਂ, ਜਿਨ੍ਹਾਂ ਵਿੱਚ ਯੂਨੀਵਰਸਿਟੀ ਦੇ ਪ੍ਰੋਫੈਸਰ, ਡਾਕਟਰ ਅਤੇ ਵਰਕਰ ਸ਼ਾਮਲ ਸਨ, ਨੂੰ ਨਾਕਾਬੰਦੀ ਕਰਨ ਵਾਲੇ ਗਰਦਾਨਦਿਆਂ ਉਨ੍ਹਾਂ 'ਤੇ ਸਰਬੀਆ ਨੂੰ ਅਸਥਿਰ ਕਰਨ ਦੀ ਕੋਸ਼ਿਸ਼ ਕਰਨ ਦਾ ਦੋਸ਼ ਲਗਾਇਆ ਸੀ। ਵੂਚਿਕ ਨੇ ਯੂਰਪੀਅਨ ਯੂਨੀਅਨ, ਰੂਸ ਅਤੇ ਚੀਨ ਦੇ ਨਾਲ-ਨਾਲ ਇਜ਼ਰਾਈਲ ਨਾਲ ਵੀ ਸੰਬੰਧ ਬਣਾਏ ਸਨ। 1970 ਵਿੱਚ ਬੈਲਗਰੇਡ ਵਿੱਚ ਜਨਮੇ ਲਗਭਗ 6.5 ਫੁੱਟ ਲੰਮੇ ਵੂਚਿਕ ਨੇ ਬੈਲਗਰੇਡ

• ਬਾਕੀ ਸਫਾ 2 'ਤੇ

# ਬ੍ਰਾਜ਼ੀਲ 'ਚ ਲੂਲਾ ਨੇ ਟਰੰਪ ਭਗਤ ਹਰਾਇਆ



**ਰੀਓ ਡੀ ਜਨੇਰੀਓ (ਨ ਜ਼ ਸ)**
ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਦੇ ਸਖਤ ਆਲੋਚਕ ਬ੍ਰਾਜ਼ੀਲ ਦੇ ਰਾਸ਼ਟਰਪਤੀ ਲੁਈਜ਼ ਇਨਾਸੀਓ ਲੂਲਾ ਦਾ ਸਿਲਵਾ ਐਤਵਾਰ ਚੌਥੀ ਵਾਰ ਬ੍ਰਾਜ਼ੀਲ ਦੇ ਰਾਸ਼ਟਰਪਤੀ ਚੁਣੇ ਗਏ। ਉਨ੍ਹਾ ਦਾ ਅਗਲਾ ਕਾਰਜਕਾਲ 5 ਜਨਵਰੀ 2027 ਤੋਂ ਸ਼ੁਰੂ ਹੋਵੇਗਾ। 100 ਫੀਸਦੀ ਵੋਟਾਂ ਦੀ ਗਿਣਤੀ ਮੁਕੰਮਲ ਹੋਣ ਤੋਂ ਬਾਅਦ ਬ੍ਰਾਜ਼ੀਲ ਦੀ ਚੋਣ ਅਦਾਲਤ ਨੇ ਐਲਾਨ ਕੀਤਾ ਕਿ ਜਲਦੀ ਹੀ 81 ਸਾਲ ਦੇ ਹੋਣ ਜਾ ਰਹੇ ਲੂਲਾ ਨੇ ਆਪਣੇ ਵਿਰੋਧੀ ਤੇ ਟਰੰਪ ਭਗਤ ਫਲਾਵੀਓ ਬੋਲਸੋਨਾਰੋ 'ਤੇ ਕਰੀਬ 44 ਲੱਖ ਵੋਟਾਂ ਦੀ ਫੈਸਲਾਕੁੰਨ ਬੜ੍ਹਤ ਹਾਸਲ ਕਰ ਲਈ। ਪੋਲਿੰਗ ਦਾ ਸਮਾਂ ਖਤਮ ਹੋਣ ਤੋਂ ਠੀਕ ਪਹਿਲਾਂ ਸੁਪਰੀਮ ਕੋਰਟ ਦੇ ਇੱਕ ਜੱਜ ਵੱਲੋਂ ਵੋਟਿੰਗ ਦਾ ਸਮਾਂ ਦੋ ਘੰਟੇ ਵਧਾਉਣ ਦੇ ਫੈਸਲੇ ਕਾਰਨ ਪੋਲਿੰਗ ਸਟੇਸ਼ਨਾਂ 'ਤੇ ਕਾਫੀ ਹਫੜਾ-ਦਫੜੀ ਮਚ ਗਈ ਸੀ। ਬੋਲਸੋਨਾਰੋ ਇਸ ਫੈਸਲੇ ਖਿਲਾਫ ਕਾਨੂੰਨੀ ਕਾਰਵਾਈ ਕਰ ਸਕਦੇ ਹਨ।

ਇਸ ਜਿੱਤ ਨਾਲ ਲਾਤੀਨੀ

• ਬਾਕੀ ਸਫਾ 2 'ਤੇ

# ਝੋਟਾ ਪਰਵਾਰ ਦੀਆਂ ਸਾਰੀਆਂ ਜਾਇਜ਼ ਮੰਗਾਂ ਮੰਨ ਚੁੱਕੇ ਹਾਂ : ਮਾਨ

## 100 ਮਿੰਨੀ ਬੱਸਾਂ ਨੂੰ ਦਿਖਾਈ ਹਰੀ ਝੰਡੀ



**ਪਟਿਆਲਾ (ਰਾਜਿੰਦਰ ਸਿੰਘ ਥਿੰਦ)**
ਇੱਥੇ ਸੋਮਵਾਰ 100 ਨਵੀਆਂ ਮਿੰਨੀ ਬੱਸਾਂ ਨੂੰ ਹਰੀ ਝੰਡੀ ਦਿਖਾ ਕੇ ਰਵਾਨਾ ਕਰਦਿਆਂ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਹਰੇਕ ਪਿੰਡ ਨੂੰ ਸ਼ਹਿਰਾਂ ਨਾਲ ਜੋੜਨ ਦੀ ਆਪਣੀ ਸਰਕਾਰ ਦੀ ਵਚਨਬੱਧਤਾ ਦੁਹਰਾਈ। ਉਨ੍ਹਾ ਐਲਾਨ ਕੀਤਾ ਕਿ ਜਿਸ ਤਰ੍ਹਾਂ ਨਹਿਰੀ ਪਾਣੀ ਹਰ ਖੇਤ ਤੱਕ ਪਹੁੰਚਾਇਆ ਗਿਆ ਹੈ, ਉਸੇ ਤਰ੍ਹਾਂ ਪੰਜਾਬ ਦੇ ਹਰ ਪਿੰਡ ਤੱਕ ਬੱਸਾਂ ਪਹੁੰਚਾਈਆਂ ਜਾਣਗੀਆਂ।

ਅਗਲੇ ਮਹੀਨੇ ਬੇੜੇ ਵਿੱਚ 309 ਹੋਰ ਵੱਡੀਆਂ ਬੱਸਾਂ ਸ਼ਾਮਲ ਕਰਨ ਦਾ ਐਲਾਨ ਕਰਦਿਆਂ ਮਾਨ ਨੇ ਕਿਹਾ ਕਿ 29 ਸੀਟਾਂ ਵਾਲੀਆਂ 100 ਮਿੰਨੀ ਬੱਸਾਂ ਸ਼ਾਮਲ ਕਰਨ ਨਾਲ ਲੱਗਭੱਗ 150 ਨੌਜਵਾਨਾਂ ਲਈ ਰੋਜ਼ਗਾਰ ਵੀ ਪੈਦਾ ਹੋਵੇਗਾ, ਜਦਕਿ 15 ਨੌਜਵਾਨਾਂ ਨੂੰ ਤੁਰਤ ਟਰਾਂਸਪੋਰਟ ਵਿਭਾਗ ਵਿੱਚ ਨੌਕਰੀਆਂ ਦੇ ਨਿਯੁਕਤੀ ਪੱਤਰ ਸੌਂਪੇ ਗਏ ਹਨ।

ਬੱਸਾਂ ਨੂੰ ਹਰੀ ਝੰਡੀ ਦਿਖਾਉਣ ਤੋਂ ਬਾਅਦ ਮੀਡੀਆ ਨਾਲ ਗੱਲਬਾਤ ਕਰਦਿਆਂ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਕਿਹਾ, ਪਹਿਲੀਆਂ ਸਰਕਾਰਾਂ ਨੇ ਪੇਂਡੂ ਟਰਾਂਸਪੋਰਟ ਕੁਨੈਕਟੀਵਿਟੀ ਵੱਲ ਧਿਆਨ ਨਹੀਂ ਦਿੱਤਾ, ਜਿਸ ਕਾਰਨ ਲੋਕਾਂ ਨੂੰ ਕੰਮ, ਸਿੱਖਿਆ ਅਤੇ ਹੋਰ ਜ਼ਰੂਰੀ ਲੋੜਾਂ ਲਈ ਸ਼ਹਿਰਾਂ ਤੱਕ ਜਾਣ ਲਈ ਸੰਘਰਸ਼ ਕਰਨਾ ਪੈਂਦਾ ਸੀ।

ਸਾਡੀ ਸਰਕਾਰ ਇਸ ਸਥਿਤੀ ਨੂੰ ਬਦਲਣ ਅਤੇ ਇਹ ਯਕੀਨੀ ਬਣਾਉਣ ਲਈ ਦ੍ਰਿੜ੍ਹ ਹੈ ਕਿ ਕੋਈ ਵੀ ਵਿਅਕਤੀ ਰਹਿਣ ਦੀ ਥਾਂ ਕਰਕੇ ਮੌਕਿਆਂ ਤੋਂ ਵਾਂਝਾ ਨਾ ਰਹੇ। ਮਾਨ ਨੇ ਭਾਜਪਾ 'ਤੇ ਤਿੱਖਾ ਹਮਲਾ ਕਰਦਿਆਂ ਕਿਹਾ ਕਿ ਉਹ ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਅਤੇ ਪੰਜਾਬ ਦੇ ਪਾਣੀ ਹਥਿਆਉਣ ਲਈ ਵੋਟਾਂ ਮੰਗ ਰਹੀ ਹੈ।

ਉਨ੍ਹਾ ਕਿਹਾ ਕਿ ਸੂਬੇ ਨੂੰ ਉਸ ਦੇ ਜਾਇਜ਼ ਹੱਕਾਂ ਤੋਂ ਵਿਰਵਾ ਰੱਖਣਾ ਅਤੇ ਵਿੱਤੀ ਬਕਾਏ ਰੋਕੀ ਰੱਖਣਾ ਭਾਜਪਾ ਦੀ ਪੁਰਾਣੀ ਆਦਤ ਹੈ। ਸਾਢੇ ਚਾਰ ਸਾਲਾਂ ਤੋਂ ਪੰਜਾਬ ਦੇ ਆਰ ਡੀ ਐੱਫ (ਪੇਂਡੂ ਵਿਕਾਸ ਫੰਡ) ਅਤੇ ਵੈਟ ਦੇ ਬਕਾਏ ਰੋਕਣ ਲਈ ਮੋਦੀ ਸਰਕਾਰ ਨੂੰ ਆੜੇ ਹੱਥੀਂ ਲੈਂਦਿਆਂ ਉਨ੍ਹਾ ਕਿਹਾ ਕਿ ਇਹਨਾਂ ਅਕਾਲੀਆਂ ਤੇ ਭਾਜਪਾਈਆਂ ਨੇ ਆਪਣੇ ਪਿਛਲੇ ਸ਼ਾਸਨਕਾਲ ਦੌਰਾਨ ਪੰਜਾਬ ਨੂੰ ਨੁਕਸਾਨ ਪਹੁੰਚਾਇਆ ਅਤੇ ਹੁਣ ਚੋਣਾਂ ਵਿੱਚ ਲਾਹਾ ਖੱਟਣ ਲਈ ਮੁੜ ਇਕੱਠੇ ਹੋਣ ਦੀ ਤਿਆਰੀ ਕਰ ਰਹੇ ਹਨ।

ਮੁੱਖ ਮੰਤਰੀ ਨੇ ਜ਼ੋਰ ਦੇ ਕੇ ਕਿਹਾ ਕਿ ਪੰਜਾਬ ਆਪਣੇ ਹੱਕਾਂ ਅਤੇ ਹਿੱਤਾਂ ਨਾਲ ਕੋਈ ਸਮਝੌਤਾ ਬਰਦਾਸ਼ਤ ਨਹੀਂ ਕਰੇਗਾ। ਉਨ੍ਹਾ ਕਿਹਾ ਕਿ ਵਿਰੋਧੀ ਧਿਰ ਦੀ ਬੁਖਲਾਹਟ ਆਮ ਆਦਮੀ ਪਾਰਟੀ ਨੂੰ ਮਿਲ ਰਹੇ ਲਗਾਤਾਰ ਜਨਤਕ ਸਮਰਥਨ ਦਾ ਨਤੀਜਾ ਹੈ।ਮਾਨ ਨੇ ਕਿਹਾ ਕਿ ਸਰਕਾਰ ਨੇ ਪਰਵਿੰਦਰ ਸਿੰਘ ਝੋਟਾ ਦੇ ਪਰਵਾਰ ਦੀਆਂ ਸਾਰੀਆਂ ਵਾਜਬ ਮੰਗਾਂ ਮੰਨ ਲਈਆਂ ਹਨ ਅਤੇ ਉਸਦੇ ਅੰਤਮ ਸੰਸਕਾਰ ਦਾ ਫੈਸਲਾ ਪਰਵਾਰ ਤੇ ਕਮੇਟੀ ਨੇ ਕਰਨਾ ਹੈ।

ਉਨ੍ਹਾ ਦੱਸਿਆ ਕਿ ਇਹ ਬੱਸਾਂ ਪਟਿਆਲਾ, ਬਠਿੰਡਾ, ਚੰਡੀਗੜ੍ਹ, ਸੰਗਰੂਰ, ਬਰਨਾਲਾ, ਬੁਢਲਾਡਾ, ਕਪੂਰਥਲਾ, ਫ਼ਰੀਦਕੋਟ ਅਤੇ ਲੁਧਿਆਣਾ ਸਮੇਤ ਵੱਖ-ਵੱਖ ਡਿਪੂਆਂ ਵਿੱਚ ਵੰਡੀਆਂ ਗਈਆਂ ਹਨ। ਇਸ ਦੌਰਾਨ ਟਰਾਂਸਪੋਰਟ ਮੰਤਰੀ ਹਰਪਾਲ ਸਿੰਘ ਚੀਮਾ, ਸਿਹਤ ਮੰਤਰੀ ਡਾ. ਬਲਬੀਰ ਸਿੰਘ ਅਤੇ ਹੋਰ ਅਧਿਕਾਰੀ ਵੀ ਹਾਜ਼ਰ ਸਨ।

# ਜਮਹੂਰੀ ਤੇ ਧਰਮ ਨਿਰਪੱਖ ਤਾਕਤਾਂ ਦੀ ਸਿਆਸੀ ਸਾਂਝ ਸਮੇਂ ਦਾ ਤਕਾਜ਼ਾ : ਬਰਾੜ



**ਜਲੰਧਰ (ਗਿਆਨ ਸੈਦਪੁਰੀ)**
ਭਾਰਤੀ ਕਮਿਊਨਿਸਟ ਪਾਰਟੀ ਦੇ ਕੌਮੀ ਸਕੱਤਰ ਬੰਤ ਸਿੰਘ ਬਰਾੜ ਨੇ ਕੌਮੀ ਪੱਧਰ 'ਤੇ ਰੁਮਕਣ ਲੱਗੀ ਸਿਆਸੀ ਹਵਾ ਦੇ ਹਵਾਲੇ ਨਾਲ ਕਿਹਾ ਕਿ ਪੰਜਾਬ ਵਿੱਚ ਬਰੂਹਾਂ ਨੇੜੇ ਆਣ ਢੁਕੀਆਂ ਵਿਧਾਨ ਸਭਾ ਚੋਣਾਂ ਦੇ ਮੱਦੇਨਜ਼ਰ ਜਮਹੂਰੀ ਤੇ ਧਰਮ ਨਿਰਪੱਖ ਧਿਰਾਂ ਦੀ ਸਿਆਸੀ ਸਾਂਝ ਸਮੇਂ ਦੀ ਲੋੜ ਹੈ। ਇੱਥੇ ਕਾਂਗਰਸ ਪਾਰਟੀ ਦੀ ਸੁਹਿਰਦ ਭੂਮਿਕਾ ਨਾਲ ਅਜਿਹਾ ਮਾਹੌਲ ਸਿਰਜੇ ਜਾਣ ਤੋਂ ਇਨਕਾਰ ਨਹੀਂ ਕੀਤਾ ਜਾ ਸਕਦਾ।ਕਾਮਰੇਡ ਬਰਾੜ ਸੀ ਪੀ ਆਈ ਦੇ ਜ਼ਿਲ੍ਹਾ ਦਫਤਰ ਵਿਖੇ ਜ਼ਿਲ੍ਹੇ ਦੀ ਜਨਰਲ ਬਾਡੀ ਦੀ ਮੀਟਿੰਗ ਨੂੰ ਸੰਬੋਧਨ ਕਰ ਰਹੇ ਸਨ। ਉਹਨਾ ਕਿਹਾ ਕਿ ਸਮੇਂ ਦਾ ਤਕਾਜ਼ਾ ਹੈ ਕਿ ਜਮਹੂਰੀ ਤੇ ਧਰਮ ਨਿਰਪੱਖ ਤਾਕਤਾਂ ਨੂੰ ਵੰਡਣ ਵਾਲੇ ਦੁਸ਼ਮਣ ਦੀ ਪਛਾਣ ਕੀਤੀ ਜਾਵੇ। ਕਾਮਰੇਡ ਬਰਾੜ ਨੇ 1925 ਵਿੱਚ ਸੀ ਪੀ ਆਈ ਦੀ ਸਥਾਪਨਾ ਤੋਂ ਲੈ ਕੇ ਹੁਣ ਤੱਕ ਦੇ ਸ਼ਾਨਾਮੱਤੇ ਇਤਿਹਾਸ ਦੀ ਗੱਲ ਕਰਦਿਆਂ ਕਿਹਾ ਕਿ ਪਾਰਟੀ ਦਾ ਅਕੀਦਾ ਹੈ ਕਿ ਇਸ ਧਰਤੀ 'ਤੇ ਕੋਈ ਵੀ ਮਨੁੱਖ ਢਿੱਡੋਂ ਭੁੱਖਾ ਨਾ ਸੌਂਵੇਂ। ਮਜ਼ਦੂਰ ਤੇ ਕਿਸਾਨ ਹੱਡ-ਭੰਨਵੀਂ ਮਿਹਨਤ ਦੇ ਬਾਵਜੂਦ ਅਜੇ ਵੀ ਤੰਗੀਆਂ-ਤੁਰਸ਼ੀਆਂ ਦੇ ਦੌਰ 'ਚੋਂ ਗੁਜ਼ਰ ਰਹੇ ਹਨ। ਲੋਕ ਸਾਵੀਂ-ਪੱਧਰੀ ਜ਼ਿੰਦਗੀ ਜਿਉਣ ਲਈ ਲੋੜੀਂਦੀਆਂ ਸਹੂਲਤਾਂ ਤੋਂ ਵਿਰਵੇ ਹਨ। ਭੋਜਨ ਸੁਰੱਖਿਆ ਐਕਟ ਤਹਿਤ ਜੇਕਰ ਗਰੀਬ ਅਤੇ ਲੋੜਵੰਦ ਲੋਕਾਂ ਨੂੰ ਭੋਜਨ ਮੁਹੱਈਆ ਕੀਤਾ ਜਾਂਦਾ ਹੈ ਤਾਂ ਅਹਿਸਾਸ ਕਰਵਾਉਣ ਲਈ ਪ੍ਰਚਾਰ ਕੀਤਾ ਜਾਂਦਾ ਹੈ ਕਿ ਸਰਕਾਰ ਨੇ ਲੋਕਾਂ 'ਤੇ ਬਹੁਤ ਵੱਡਾ ਅਹਿਸਾਨ ਕੀਤਾ ਹੈ। ਇਹ ਗੱਲ ਵਿਸਾਰ ਦਿੱਤੀ ਜਾਂਦੀ ਹੈ ਕਿ ਇਹ ਅਨਾਜ ਲੋਕਾਂ ਵੱਲੋਂ ਹੀ ਪੈਦਾ ਕੀਤਾ ਹੋਇਆ ਹੈ।

ਕਮਿਊਨਿਸਟ ਆਗੂ ਨੇ ਕਿਹਾ ਕਿ ਮੌਜੂਦਾ ਨਿਜ਼ਾਮ ਵੱਲੋਂ ਪੈਦਾ ਕੀਤੇ ਹਾਲਾਤ ਜਿਉਣ ਯੋਗ ਨਹੀਂ ਹਨ। ਇਸ ਲਈ ਇਹ ਸਿਸਟਮ ਬਦਲਣਾ ਹੋਵੇਗਾ। ਇਸ ਨੂੰ

• ਬਾਕੀ ਸਫਾ 2 'ਤੇ

# ਸੁਖਬੀਰ ਨੇ ਝੋਟਾ ਪਰਵਾਰ ਨਾਲ ਦੁੱਖ ਵੰਡਾਇਆ



**ਮਾਨਸਾ :** ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਐਤਵਾਰ ਰਾਤ ਨਸ਼ਾ ਵਿਰੋਧੀ ਕਾਰਕੁੰਨ ਪਰਵਿੰਦਰ ਸਿੰਘ ਝੋਟੇ ਦੇ ਘਰ ਜਾ ਕੇ ਉਨ੍ਹਾ ਦੇ ਪਰਵਾਰ ਨਾਲ ਮੁਲਾਕਾਤ ਕੀਤੀ। ਉਨ੍ਹਾ ਪਰਵਾਰ ਨੂੰ ਪੂਰਾ ਸਾਥ ਦੇਣ ਦਾ ਭਰੋਸਾ ਦਿੱਤਾ ਅਤੇ ਨਸ਼ਿਆਂ ਦੇ ਕੋਹੜ ਨਾਲ ਨਜਿੱਠਣ ਲਈ ਸਖਤ ਕਾਨੂੰਨ ਬਣਾਉਣ ਦੇ ਨਾਲ-ਨਾਲ ਨਸ਼ਾ ਤਸਕਰਾਂ ਦੀ ਸਾਰੀ ਜਾਇਦਾਦ ਜ਼ਬਤ ਕਰਨ ਦੀ ਮੰਗ ਕੀਤੀ।

ਇਸੇ ਦੌਰਾਨ, ਮਾਨਸਾ ਦੇ ਕੁਝ ਦੁਕਾਨਦਾਰਾਂ ਨੇ ਬਾਜ਼ਾਰ ਨੂੰ ਜਾਂਦੀ ਸੜਕ ਖੋਲ੍ਹਣ ਦੀ ਮੰਗ ਨੂੰ ਲੈ ਕੇ ਐਕਸ਼ਨ ਕਮੇਟੀ ਨਾਲ ਮੁਲਾਕਾਤ ਕਰਨ ਦਾ ਫੈਸਲਾ ਕੀਤਾ ਹੈ। ਉਨ੍ਹਾਂ ਦਾ ਕਹਿਣਾ ਹੈ ਕਿ ਲੰਮੇ ਸਮੇਂ ਤੋਂ ਚੱਲ ਰਹੇ ਧਰਨੇ ਕਾਰਨ ਉਨ੍ਹਾਂ ਦਾ ਕਾਰੋਬਾਰ ਪ੍ਰਭਾਵਤ ਹੋਇਆ ਹੈ।ਇਸੇ ਦੌਰਾਨ ਅਦਾਕਾਰਾ ਪ੍ਰੀਤੀ ਸਪਰੂ ਨੇ ਧਰਨੇ ਵਿੱਚ ਪਹੁੰਚ ਕੇ ਕਿਹਾ ਕਿ ਪਰਵਿੰਦਰ ਮਰਿਆ ਨਹੀਂ, ਸ਼ਹੀਦ ਹੋਇਆ ਹੈ ਜੋ ਨਸ਼ਿਆਂ ਵਿਰੁੱਧ ਡਟਿਆ ਅਤੇ ਕਿਸੇ ਲਾਲਚ ਲੋਭ ਮੂਹਰੇ ਨਾ ਝੁਕਦਿਆਂ ਡਰੱਗ ਮਾਫੀਆ ਖਿਲਾਫ ਆਖਰੀ ਸਾਹ ਤੱਕ ਲੜਦਾ ਰਿਹਾ। ਚਿੱਟੇ ਸੂਟ 'ਚ ਪੁੱਜੀ ਅਦਾਕਾਰਾ ਨੇ ਪਰਵਿੰਦਰ ਝੋਟੇ ਨੂੰ ਮੰਚ ਤੋਂ ਸ਼ਰਧਾਂਜਲੀ ਦਿੰਦਿਆਂ ਝੋਟੇ ਦੇ ਪਿਤਾ ਭੀਮ ਸਿੰਘ ਫੌਜੀ, ਮਾਤਾ ਅਮਰਜੀਤ ਕੌਰ ਅਤੇ ਪਤਨੀ ਮਨਪ੍ਰੀਤ ਕੌਰ ਅਤੇ ਬੱਚਿਆਂ ਨਾਲ ਦੁੱਖ ਵੰਡਾਇਆ।

## ਮੋਗਾ ਕਾਂਡ 'ਚ 5 ਗ੍ਰਿਫਤਾਰ

**ਮੋਗਾ (ਇਕਬਾਲ ਸਿੰਘ ਖਹਿਰਾ)**
ਸ਼ਹਿਰ ਦੇ ਅੰਗਦਪੁਰਾ ਮੁਹੱਲੇ ਵਿੱਚ ਐਤਵਾਰ ਦੇਰ ਰਾਤ ਕਾਲੀ ਸਕਾਰਪੀਓ ਸਵਾਰ ਅਣਪਛਾਤੇ ਵਿਅਕਤੀਆਂ ਨੇ ਬਾਹਰ ਬੈਠੇ ਪੰਜ ਵਿਅਕਤੀਆਂ 'ਤੇ ਤਾਬੜਤੋੜ ਗੋਲੀਆਂ ਚਲਾ ਕੇ 2 ਨੂੰ ਮਾਰ ਦਿੱਤਾ ਤੇ 3 ਨੂੰ ਜ਼ਖਮੀ ਕਰ ਦਿੱਤਾ। ਡੀ ਜੀ ਪੀ ਗੌਰਵ ਯਾਦਵ ਨੇ ਸੋਮਵਾਰ ਮ੍ਰਿਤਕਾਂ ਦੇ ਪਰਵਾਰ ਦੇ ਮੈਂਬਰਾਂ ਨਾਲ ਦੁੱਖ ਸਾਂਝਾ ਕੀਤਾ। ਡੀ ਜੀ ਪੀ ਨੇ ਪਰਵਾਰਕ ਮੈਂਬਰਾਂ ਨਾਲ ਗੱਲਬਾਤ ਤੋਂ ਬਾਅਦ ਮੀਡੀਆ ਨੂੰ ਦੱਸਿਆ ਕਿ ਮੁੱਢਲੀ ਜਾਂਚ ਅਨੁਸਾਰ ਇਹ ਘਟਨਾ ਪੁਰਾਣੀ ਰੰਜਿਸ਼ ਦਾ ਨਤੀਜਾ ਜਾਪਦੀ ਹੈ। ਪੁਲਸ ਨੇ ਤੇਜ਼ੀ ਨਾਲ ਕਾਰਵਾਈ ਕਰਦਿਆਂ ਪੰਜ ਵਿਅਕਤੀਆਂ ਨੂੰ ਕਾਬੂ ਕਰ ਲਿਆ ਹੈ। ਮ੍ਰਿਤਕਾਂ ਦੇ ਨਾਂਅ ਗਗਨ ਜਿੰਦਲ (30) ਅਤੇ ਸਾਹਿਲ ਜਿੰਦਲ (40) ਹਨ।

## ਕਾਂਗਰਸ ਦੀ 4 ਨੂੰ ਸੰਗਰੂਰ 'ਚ 'ਹਿਸਾਬ ਮੰਗੋ' ਰੈਲੀ

**ਚੰਡੀਗੜ੍ਹ :** ਪੰਜਾਬ ਕਾਂਗਰਸ ਵੱਲੋਂ 4 ਨਵੰਬਰ ਨੂੰ ਸੰਗਰੂਰ ਵਿੱਚ ਇੱਕ ਵਿਸ਼ਾਲ 'ਹਿਸਾਬ ਮੰਗੋ' ਰੈਲੀ ਕੀਤੀ ਜਾਵੇਗੀ, ਜਿਸ ਵਿੱਚ ਵਿਸ਼ੇਸ਼ ਤੌਰ ਉੱਤੇ ਰਾਹੁਲ ਗਾਂਧੀ ਸ਼ਾਮਲ ਹੋਣਗੇ।

ਇਸ ਰੈਲੀ ਨਾਲ ਪਾਰਟੀ ਵੱਲੋਂ ਵਿਧਾਨ ਸਭਾ ਚੋਣਾਂ ਲਈ ਮੁਹਿੰਮ ਦਾ ਆਗਾਜ਼ ਕੀਤਾ ਜਾਵੇਗਾ। ਪਾਰਟੀ ਆਗੂਆਂ ਕੇ ਸੀ ਵੇਣੂਗੋਪਾਲ ਅਤੇ ਸਚਿਨ ਪਾਇਲਟ ਨੇ ਸੋਮਵਾਰ ਇੱਥੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਇਹ ਜਾਣਕਾਰੀ ਦਿੱਤੀ।

ਵੇਣੂਗੋਪਾਲ ਨੇ ਕਿਹਾ ਕਿ ਪੰਜਾਬ ਵਿੱਚ ਕਾਨੂੰਨ ਵਿਵਸਥਾ ਪੂਰੀ ਤਰ੍ਹਾਂ ਢਹਿ-ਢੇਰੀ ਹੋ ਚੁੱਕੀ ਹੈ ਅਤੇ ਇਹ ਨਸ਼ਾ ਮਾਫੀਆ ਦਾ ਗੜ੍ਹ ਬਣਦਾ ਜਾ ਰਿਹਾ ਹੈ। ਕਾਂਗਰਸ ਪਾਰਟੀ ਨੂੰ ਪੂਰਾ ਭਰੋਸਾ ਹੈ ਕਿ ਉਹ ਪੰਜਾਬ ਵਿੱਚ ਸਰਕਾਰ ਬਣਾਏਗੀ।

# ਕੱਢ ਲਓ ਸਵੈਟਰ ਤੇ ਕੰਬਲ!

**ਚੰਡੀਗੜ੍ਹ :** ਖਿੱਤੇ ਦੇ ਕੁਝ ਹਿੱਸਿਆਂ ਵਿੱਚ ਦੋ ਦਿਨਾਂ ਦੀ ਬਾਰਿਸ਼ ਤੋਂ ਬਾਅਦ, ਇੱਕ ਹੋਰ ਮੀਂਹ ਪੈਣ ਦੀ ਉਮੀਦ ਹੈ।

ਮੌਸਮ ਵਿਭਾਗ ਨੇ ਇਸ ਹਫਤੇ ਦੇ ਅੰਤ ਵਿੱਚ ਲਗਾਤਾਰ ਚਾਰ ਦਿਨ ਪੰਜਾਬ ਅਤੇ ਹਰਿਆਣਾ ਦੇ ਕੁਝ ਇਲਾਕਿਆਂ ਵਿੱਚ ਮੀਂਹ ਪੈਣ ਦੀ ਭਵਿੱਖਬਾਣੀ ਕੀਤੀ ਹੈ। 28 ਤੋਂ 31 ਅਕਤੂਬਰ ਤੱਕ ਕੁਝ ਥਾਵਾਂ 'ਤੇ ਹਲਕੀ ਬਾਰਿਸ਼ ਹੋਣ ਦੀ ਸੰਭਾਵਨਾ ਹੈ, 29 ਅਤੇ 30 ਅਕਤੂਬਰ ਨੂੰ ਕੁਝ ਥਾਵਾਂ 'ਤੇ ਗਰਜ, ਬਿਜਲੀ ਅਤੇ ਤੇਜ਼ ਹਵਾਵਾਂ ਚੱਲਣ ਦੀ ਸੰਭਾਵਨਾ ਹੈ, ਜਿਸ ਲਈ ਯੈਲੋ ਅਲਰਟ ਜਾਰੀ ਕੀਤਾ ਗਿਆ ਹੈ।

27 ਅਕਤੂਬਰ ਦੀ ਰਾਤ ਤੋਂ ਇੱਕ ਤਾਜ਼ਾ ਪੱਛਮੀ ਗੜਬੜ ਉੱਤਰ-ਪੱਛਮੀ ਭਾਰਤ ਨੂੰ ਪ੍ਰਭਾਵਤ ਕਰਨ ਦੀ ਸੰਭਾਵਨਾ ਹੈ। ਉੱਤਰੀ ਹਰਿਆਣਾ ਉੱਤੇ ਇੱਕ ਪੱਛਮੀ ਗੜਬੜ ਪਹਿਲਾਂ ਹੀ ਬਣੀ ਹੋਈ ਹੈ ਅਤੇ ਹੁਣ ਸਮੁੰਦਰ ਤਲ ਤੋਂ 3,100 ਅਤੇ 4,500 ਮੀਟਰ ਦੀ ਉਚਾਈ 'ਤੇ ਘੁੰਮ ਰਹੀ ਹੈ। ਪਿਛਲੇ ਦੋ ਦਿਨਾਂ ਦੌਰਾਨ, ਪੰਜਾਬ ਅਤੇ ਹਰਿਆਣਾ ਵਿੱਚ ਕੁਝ ਥਾਵਾਂ 'ਤੇ ਹਲਕੀ ਬਾਰਿਸ਼ ਦਰਜ ਕੀਤੀ ਗਈ, ਜਦੋਂ ਕਿ ਦੋਵਾਂ ਰਾਜਾਂ ਵਿੱਚ ਦਿਨ ਅਤੇ ਰਾਤ ਦਾ ਤਾਪਮਾਨ ਆਮ ਰਿਹਾ। ਪੰਜਾਬ ਵਿੱਚ, ਪਿਛਲੇ 24 ਘੰਟਿਆਂ ਦੌਰਾਨ ਬਠਿੰਡਾ ਵਿੱਚ ਸਭ ਤੋਂ ਵੱਧ ਤਾਪਮਾਨ 32.2 ਡਿਗਰੀ ਸੈਲਸ਼ੀਅਸ ਰਿਹਾ, ਜਦੋਂ ਕਿ ਆਦਮਪੁਰ ਵਿੱਚ ਸਭ ਤੋਂ ਘੱਟ 12.0 ਡਿਗਰੀ ਰਿਹਾ। ਹਰਿਆਣਾ ਵਿੱਚ, ਫਰੀਦਾਬਾਦ ਵਿੱਚ ਸਭ ਤੋਂ ਵੱਧ 32.4 ਡਿਗਰੀ ਅਤੇ ਹਿਸਾਰ ਵਿੱਚ ਸਭ ਤੋਂ ਘੱਟ 12.7 ਡਿਗਰੀ ਰਿਹਾ। ਪੰਜਾਬ ਵਿੱਚ, ਸਾਰੇ ਜ਼ਿਲ੍ਹਿਆਂ ਵਿੱਚ ਅਕਤੂਬਰ ਵਿੱਚ ਆਮ ਨਾਲੋਂ ਵੱਧ ਬਾਰਿਸ਼ ਹੋਈ ਹੈ, ਜਿਸ ਵਿੱਚ 20 ਪ੍ਰਤੀਸ਼ਤ ਤੋਂ ਲੈ ਕੇ 1,129 ਪ੍ਰਤੀਸ਼ਤ ਤੱਕ ਵਾਧੂ ਬਾਰਿਸ਼ ਹੋਈ ਹੈ। ਪਠਾਨਕੋਟ, ਹੁਸ਼ਿਆਰਪੁਰ ਅਤੇ ਗੁਰਦਾਸਪੁਰ ਜ਼ਿਲ੍ਹਿਆਂ ਵਿੱਚ ਸਭ ਤੋਂ ਵੱਧ ਬਾਰਿਸ਼ ਹੋਈ ਹੈ।



ਦਇਆ, ਭਗਤੀ-ਭਾਵ ਅਤੇ ਨਿਸ਼ਕਾਮ ਸੇਵਾ ਦੇ ਸਾਕਾਰ ਰੂਪ
ਚੌਥੇ ਪਾਤਸ਼ਾਹ
ਸ੍ਰੀ ਗੁਰੂ ਰਾਮਦਾਸ ਜੀ
ਦੇ 492ਵੇਂ ਪ੍ਰਕਾਸ਼ ਪੁਰਬ ਮੌਕੇ
ਮੁੱਖ ਮੰਤਰੀ
ਸ. ਭਗਵੰਤ ਸਿੰਘ ਮਾਨ
ਦੀ ਅਗਵਾਈ ਹੇਠ
ਪੰਜਾਬ ਸਰਕਾਰ
ਵੱਲੋਂ
ਆਪ ਸਭ ਨੂੰ ਲੱਖ-ਲੱਖ ਵਧਾਈਆਂ

ਹੁਣ ਪਵਿੱਤਰ ਸ਼ਹਿਰ ਅੰਮ੍ਰਿਤਸਰ ਸਾਹਿਬ ਵਜੋਂ ਜਾਣੇ ਜਾਂਦੇ ਚੱਕ ਰਾਮਦਾਸ ਪੁਰ ਦੇ ਬਾਨੀ ਸ੍ਰੀ ਗੁਰੂ ਰਾਮਦਾਸ ਜੀ ਦਾ ਜੀਵਨ ਅਤੇ ਫ਼ਲਸਫ਼ਾ ਲੋਕਾਈ ਨੂੰ ਰੂਹਾਨੀਅਤ, ਨੇਕ-ਨੀਅਤੀ ਅਤੇ ਮਾਨਵਤਾ ਵੱਲ ਪ੍ਰੇਰਣ ਲਈ ਚਾਨਣ-ਮੁਨਾਰਾ ਬਣਿਆ ਹੋਇਆ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਦਰਜ ਗੁਰੂ ਸਾਹਿਬ ਜੀ ਦੀ ਪਾਵਨ ਬਾਣੀ ਹਮੇਸ਼ਾ ਸਦੀਵੀ ਅਮਨ ਅਤੇ ਧਾਰਮਿਕ ਸਹਿ-ਹੋਂਦ ਦਾ ਸਰਬੋਤਮ ਖ਼ਜ਼ਾਨਾ ਬਣੀ ਰਹੇਗੀ



ਸ. ਭਗਵੰਤ ਸਿੰਘ ਮਾਨ
ਮੁੱਖ ਮੰਤਰੀ, ਪੰਜਾਬ

ਸੂਚਨਾ ਅਤੇ ਲੋਕ ਸੰਪਰਕ ਵਿਭਾਗ, ਪੰਜਾਬ

# 9ਵੀਂ ਹਾਕੀ ਏਸ਼ੀਅਨ ਚੈਂਪੀਅਨਜ਼ ਟਰਾਫ਼ੀ ਪੰਜਾਬ, 2026



## ਜਲੰਧਰ - ਮੋਹਾਲੀ

27 ਅਕਤੂਬਰ - 5 ਨਵੰਬਰ, 2026



ਸ. ਭਗਵੰਤ ਸਿੰਘ ਮਾਨ
ਮੁੱਖ ਮੰਤਰੀ, ਪੰਜਾਬ




## ਛੇ ਦੇਸ਼, ਇੱਕ ਚੈਂਪੀਅਨਸ਼ਿਪ

| ਮਿਤੀ | ਸਮਾਂ | ਟੀਮ vs ਟੀਮ | ਸਥਾਨ |
|---|---|---|---|
| 27 ਅਕਤੂਬਰ, 2026 | 13:00 | ਮਲੇਸ਼ੀਆ vs ਚੀਨ | ਜਲੰਧਰ |
| | 15:15 | ਜਾਪਾਨ vs ਕੋਰੀਆ | ਜਲੰਧਰ |
| | 17:10 | ਉਦਘਾਟਨੀ ਸਮਾਰੋਹ | ਜਲੰਧਰ |
| | 19:20 | ਭਾਰਤ vs ਬੰਗਲਾਦੇਸ਼ | ਜਲੰਧਰ |
| 29 ਅਕਤੂਬਰ, 2026 | 14:30 | ਮਲੇਸ਼ੀਆ vs ਕੋਰੀਆ | ਜਲੰਧਰ |
| | 16:45 | ਬੰਗਲਾਦੇਸ਼ vs ਜਾਪਾਨ | ਜਲੰਧਰ |
| | 19:00 | ਭਾਰਤ vs ਚੀਨ | ਜਲੰਧਰ |
| 30 ਅਕਤੂਬਰ, 2026 | 14:30 | ਬੰਗਲਾਦੇਸ਼ vs ਮਲੇਸ਼ੀਆ | ਜਲੰਧਰ |
| | 16:45 | ਕੋਰੀਆ vs ਚੀਨ | ਜਲੰਧਰ |
| | 19:00 | ਜਾਪਾਨ vs ਭਾਰਤ | ਜਲੰਧਰ |
| 1 ਨਵੰਬਰ, 2026 | 14:30 | ਕੋਰੀਆ vs ਬੰਗਲਾਦੇਸ਼ | ਜਲੰਧਰ |
| | 16:45 | ਚੀਨ vs ਜਾਪਾਨ | ਜਲੰਧਰ |
| | 19:00 | ਮਲੇਸ਼ੀਆ vs ਭਾਰਤ | ਜਲੰਧਰ |
| 2 ਨਵੰਬਰ, 2026 | 14:30 | ਚੀਨ vs ਬੰਗਲਾਦੇਸ਼ | ਜਲੰਧਰ |
| | 16:45 | ਜਾਪਾਨ vs ਮਲੇਸ਼ੀਆ | ਜਲੰਧਰ |
| | 19:00 | ਭਾਰਤ vs ਕੋਰੀਆ | ਜਲੰਧਰ |
| 4 ਨਵੰਬਰ, 2026 | 14:00 | ਪੂਲ ਵਿੱਚ ਪੰਜਵੀਂ ਅਤੇ ਛੇਵੀਂ ਪੁਜ਼ੀਸ਼ਨ ਦੀਆਂ ਟੀਮਾਂ ਵਿਚਾਲੇ ਮੈਚ | ਮੋਹਾਲੀ |
| | 16:30 | ਪੂਲ ਵਿੱਚ ਪਹਿਲੀ ਅਤੇ ਚੌਥੀ ਪੁਜ਼ੀਸ਼ਨ ਦੀਆਂ ਟੀਮਾਂ ਵਿਚਾਲੇ ਮੈਚ | ਮੋਹਾਲੀ |
| | 19:00 | ਪੂਲ ਵਿੱਚ ਦੂਜੀ ਅਤੇ ਤੀਜੀ ਪੁਜ਼ੀਸ਼ਨ ਦੀਆਂ ਟੀਮਾਂ ਵਿਚਾਲੇ ਮੈਚ | ਮੋਹਾਲੀ |
| 5 ਨਵੰਬਰ, 2026 | 16:30 | ਕਾਂਸੀ ਦੇ ਤਮਗ਼ੇ ਲਈ ਮੈਚ | ਮੋਹਾਲੀ |
| | 19:00 | ਸੋਨ ਤਮਗ਼ੇ ਲਈ ਮੈਚ | ਮੋਹਾਲੀ |

ਸੂਚਨਾ ਅਤੇ ਲੋਕ ਸੰਪਰਕ ਵਿਭਾਗ, ਪੰਜਾਬ

ਨਵਾਂ ਜ਼ਮਾਨਾ
ਮੰਗਲਵਾਰ, 27 ਅਕਤੂਬਰ 2026

# ਸਰਬੀਆ ਤੇ ਬ੍ਰਾਜ਼ੀਲ ਦੇ ਚੋਣ ਨਤੀਜੇ

ਸਰਬੀਆ ਵਿੱਚ ਵਿਦਿਆਰਥੀ-ਸਮਰਥਿਤ ਅੰਦੋਲਨ ਨੇ ਰਾਸ਼ਟਰਪਤੀ ਅਲੈਗਜ਼ੈਂਡਰ ਵੂਚਿਕ ਦੀ ਸੱਤਾਧਾਰੀ ਸਰਬੀਅਨ ਪ੍ਰੋਗਰੈਸਿਵ ਪਾਰਟੀ ਨੂੰ ਸੰਸਦੀ ਚੋਣਾਂ ਵਿੱਚ ਹਰਾ ਕੇ ਉਸ ਦੀ ਸੱਤਾ 'ਤੇ ਲੰਬੀ ਪਕੜ ਖਤਮ ਕਰ ਦਿੱਤੀ ਹੈ। ਐਤਵਾਰ ਦੇਰ ਰਾਤ ਰਾਜਧਾਨੀ ਬੈਲਗ੍ਰੇਡ ਵਿੱਚ ਜਸ਼ਨਾਂ ਦੌਰਾਨ ਵਿਦਿਆਰਥਣ ਮੀਲਾ ਮਾਰਟਿਕ ਨੇ ਕਿਹਾ ਕਿ ਹੁਣ ਉਸ ਨੂੰ ਲਗਦਾ ਹੈ ਕਿ ਉਹ ਇੱਕ ਆਜ਼ਾਦ ਦੇਸ਼ ਵਿੱਚ ਰਹਿ ਰਹੀ ਹੈ। ਚੋਣ ਨਤੀਜਾ 2024 ਵਿੱਚ ਨੋਵੀ ਸੈਡ ਰੇਲਵੇ ਸਟੇਸ਼ਨ 'ਤੇ ਇੱਕ ਛੱਤਰੀ ਦੇ ਢਹਿ ਜਾਣ ਤੋਂ ਬਾਅਦ ਸ਼ੁਰੂ ਹੋਏ ਵਿਦਿਆਰਥੀਆਂ ਦੀ ਅਗਵਾਈ ਵਾਲੇ ਪ੍ਰਦਰਸ਼ਨਾਂ ਦਾ ਸਿਖਰ ਹੋ ਨਿੱਬੜਿਆ। ਉਸ ਹਾਦਸੇ 'ਚ 16 ਲੋਕ ਮਾਰੇ ਗਏ ਸਨ, ਇੱਕ ਅਜਿਹੀ ਆਫਤ ਜਿਸ ਨੂੰ ਵਿਆਪਕ ਤੌਰ 'ਤੇ ਭ੍ਰਿਸ਼ਟਾਚਾਰ ਅਤੇ ਲਾਪ੍ਰਵਾਹੀ ਦਾ ਨਤੀਜਾ ਠਹਿਰਾਇਆ ਗਿਆ ਸੀ। ਸਟੂਡੈਂਟ ਲਿਸਟ ਦੀ ਅਗਵਾਈ ਵਿੱਚ ਚੱਲਿਆ ਅੰਦੋਲਨ 2000 ਵਿੱਚ ਸ਼ਕਤੀਸ਼ਾਲੀ ਸਲੋਬੋਡਨ ਮਿਲੋਸੇਵਿਕ ਦੇ ਤਖਤਾ ਪਲਟ ਤੋਂ ਬਾਅਦ ਸਰਬੀਆ ਦੇ ਸਭ ਤੋਂ ਵੱਡੇ ਵਿਰੋਧ ਪ੍ਰਦਰਸ਼ਨਾਂ ਵਿੱਚੋਂ ਇੱਕ ਬਣ ਗਿਆ ਸੀ। ਵੂਚਿਕ ਨੇ ਆਪਣੇ-ਆਪ ਨੂੰ ਸਾਬਤ ਕਰਨ ਲਈ ਮੱਧਕਾਲੀ ਚੋਣਾਂ ਕਰਾ ਦਿੱਤੀਆਂ ਸਨ।

ਵਿਰੋਧੀ ਧਿਰ ਦੀ ਜਿੱਤ ਇਸ ਬਾਲਕਨ ਦੇਸ਼ ਵਿੱਚ ਇੱਕ ਭੁਚਾਲ ਵਾਲੀ ਸਿਆਸੀ ਤਬਦੀਲੀ ਹੈ, ਜਿੱਥੇ ਵੂਚਿਕ, ਜਿਸ ਨੂੰ ਰੂਸੀ ਰਾਸ਼ਟਰਪਤੀ ਵਲਾਦੀਮੀਰ ਪੂਤਿਨ ਨੇ ਹਮਾਇਤ ਦਿੱਤੀ ਸੀ ਅਤੇ ਜਿਸ ਨੇ ਵਿਦਿਆਰਥੀ ਅੰਦੋਲਨ ਨੂੰ ਉਸ ਨੂੰ ਹਟਾਉਣ ਦੀ ਵਿਦੇਸ਼ੀ ਸਾਜ਼ਿਸ਼ ਦੱਸਿਆ ਸੀ, 14 ਸਾਲਾਂ ਤੋਂ ਸੱਤਾ ਵਿੱਚ ਸੀ ਅਤੇ ਚੁਣੇ ਹੋਏ ਤਾਨਾਸ਼ਾਹ ਵਾਂਗ ਵਿਚਰ ਰਿਹਾ ਸੀ। ਉਸ ਨੇ ਸਾਰੇ ਸੰਵਿਧਾਨਕ ਅਦਾਰੇ ਕੰਟਰੋਲ ਵਿੱਚ ਕਰ ਰੱਖੇ ਸੀ।

ਐਤਵਾਰ ਹੀ ਬ੍ਰਾਜ਼ੀਲ ਵਿੱਚ 80 ਸਾਲ ਦੀ ਉਮਰ 'ਚ ਰਾਸ਼ਟਰਪਤੀ ਲੁਈਜ਼ ਇਨਾਸੀਓ ਲੂਲਾ ਦਾ ਸਿਲਵਾ ਨੇ ਇੱਕ ਅਸਾਧਾਰਨ ਸਿਆਸੀ ਜਿੱਤ ਹਾਸਲ ਕੀਤੀ, ਜਦੋਂ ਉਹ ਸਾਬਕਾ ਰਾਸ਼ਟਰਪਤੀ ਜੈਅਰ ਬੋਲਸੋਨਾਰੋ ਦੇ ਪੁੱਤਰ ਫਲਾਵੀਓ ਬੋਲਸੋਨਾਰੋ ਨੂੰ 48.2 ਪ੍ਰਤੀਸ਼ਤ ਦੇ ਮੁਕਾਬਲੇ 51.8 ਪ੍ਰਤੀਸ਼ਤ ਵੋਟਾਂ ਨਾਲ ਹਰਾ ਕੇ ਚੌਥੀ ਵਾਰ ਰਾਸ਼ਟਰਪਤੀ ਚੁਣੇ ਗਏ। ਲਾਤੀਨੀ ਅਮਰੀਕਾ ਦੇ ਸਭ ਤੋਂ ਵੱਡੇ ਦੇਸ਼ ਵਿੱਚ ਲੂਲਾ ਦੀ ਜਿੱਤ ਬ੍ਰਾਜ਼ੀਲ ਵਿੱਚ ਸੱਜੇ-ਪੱਖੀਆਂ ਦੀ ਸੱਤਾ ਵਿੱਚ ਵਾਪਸੀ ਨੂੰ ਰੋਕਣ ਤੋਂ ਕਿਤੇ ਜ਼ਿਆਦਾ ਅਹਿਮੀਅਤ ਰੱਖਦੀ ਹੈ। ਇਸ ਨੇ ਪੂਰੇ ਖੇਤਰ ਵਿੱਚ ਸੱਜੇ-ਪੱਖੀ ਚੋਣ ਜਿੱਤਾਂ ਦੀ ਲੜੀ ਨੂੰ ਤੋੜਿਆ ਹੈ ਅਤੇ ਅਮਰੀਕਾ ਦੇ ਰਾਸ਼ਟਰਪਤੀ ਡੋਨਾਲਡ ਟਰੰਪ ਦੇ ਵਧਦੇ ਦਖਲਅੰਦਾਜ਼ੀ ਏਜੰਡੇ ਨੂੰ ਇੱਕ ਵੱਡਾ ਝਟਕਾ ਦਿੱਤਾ ਹੈ। ਟਰੰਪ ਦੇ ਵ੍ਹਾਈਟ ਹਾਊਸ ਵਿੱਚ ਵਾਪਸ ਆਉਣ ਤੋਂ ਬਾਅਦ, ਸੱਜੇ ਪੱਖੀਆਂ ਨੇ ਹਾਂਡੁਰਸ, ਚਿੱਲੀ ਅਤੇ ਬੋਲੀਵੀਆ ਸਮੇਤ ਹੋਰ ਥਾਵਾਂ 'ਤੇ ਚੋਣ ਜਿੱਤਾਂ ਦਰਜ ਕੀਤੀਆਂ ਸਨ। ਇਹ ਨਤੀਜਾ ਅਮਰੀਕਾ 'ਚ ਮੱਧਕਾਲੀ ਚੋਣਾਂ ਤੋਂ ਠੀਕ ਪਹਿਲਾਂ ਆਇਆ ਹੈ ਅਤੇ ਟਰੰਪ ਦੀ ਲੀਡਰਸ਼ਿਪ ਦੀ ਤਾਕਤ ਨੂੰ ਇੱਕ ਵੱਡਾ ਝਟਕਾ ਦੇ ਸਕਦਾ ਹੈ। ਅਰਜਨਟੀਨਾ ਵਿੱਚ, ਰਾਸ਼ਟਰਪਤੀ ਜੇਵੀਅਰ ਮਿਲੇ-ਜੋ ਲੂਲਾ 'ਤੇ ਹਮਲਾ ਕਰ ਰਹੇ ਸਨ ਅਤੇ ਆਪਣਾ ਸਾਰਾ ਭਾਰ ਬੋਲਸੋਨਾਰੋ ਦੇ ਪਿੱਛੇ ਸੁੱਟਿਆ ਹੋਇਆ ਸੀ, ਨੂੰ ਅਗਲੇ ਸਾਲ ਹੋਣ ਵਾਲੀਆਂ ਚੋਣਾਂ 'ਚ ਬੋਲਸੋਨਾਰੋ ਵਾਂਗ ਸ਼ਿਕਸਤ ਦਾ ਸਾਹਮਣਾ ਕਰਨਾ ਪੈ ਸਕਦਾ ਹੈ। ਚਿੱਲੀ ਵਿੱਚ ਵੀ ਰਾਸ਼ਟਰਪਤੀ ਜੋਸ ਐਂਟੋਨੀਓ ਕਾਸਟ ਦਾ ਜਨਤਕ ਆਧਾਰ ਖੁਰ ਰਿਹਾ ਹੈ।

ਜਦੋਂ ਬੋਲਸੋਨਾਰੋ ਪਹਿਲੇ ਦੌਰ ਵਿੱਚ ਅਚਾਨਕ ਲੂਲਾ ਤੋਂ ਅੱਗੇ ਲੰਘ ਗਏ ਤਾਂ ਲੂਲਾ ਹਮਾਇਤੀ ਹੈਰਾਨ ਰਹਿ ਗਏ ਸਨ, ਕਿਉਂਕਿ ਲੂਲਾ ਦਾ ਮਜ਼ਬੂਤ ਸਮਾਜਿਕ-ਆਰਥਿਕ ਰਿਕਾਰਡ ਸੀ। ਇਸ ਤੋਂ ਬਾਅਦ ਤਿੰਨ ਹਫਤਿਆਂ 'ਚ ਬ੍ਰਾਜ਼ੀਲ ਵਿੱਚ ਜ਼ਬਰਦਸਤ ਲਾਮਬੰਦੀ ਹੋਈ, ਜਿਸ ਨੇ ਲੂਲਾ ਦੀ ਵਰਕਰਜ਼ ਪਾਰਟੀ ਦੇ ਸੁਸਤ ਪਹਿਲੇ ਦੌਰ ਦੇ ਪ੍ਰਚਾਰ ਨੂੰ ਲੋਕਤੰਤਰ ਤੇ ਪ੍ਰਭੂਸੱਤਾ ਦੇ ਭਵਿੱਖ ਨੂੰ ਲੈ ਕੇ ਇੱਕ ਹੋਂਦਵਾਦੀ ਟਕਰਾਅ ਵਿੱਚ ਬਦਲ ਦਿੱਤਾ। ਹਾਲਾਂਕਿ ਲੂਲਾ ਦੇ ਰਾਜ ਵਿੱਚ ਬ੍ਰਾਜ਼ੀਲ ਦੀ ਆਰਥਿਕਤਾ 2023 ਅਤੇ 2025 ਦੇ ਵਿਚਕਾਰ 9.2 ਪ੍ਰਤੀਸ਼ਤ ਦੀ ਦਰ ਨਾਲ ਵਧੀ, ਜਦੋਂ ਕਿ ਇਸ ਦੇ ਦੱਖਣੀ ਅਮਰੀਕੀ ਗੁਆਂਢੀਆਂ ਵਿੱਚ ਔਸਤ ਸਿਰਫ 5.6 ਪ੍ਰਤੀਸ਼ਤ ਸੀ, ਬੇਰੁਜ਼ਗਾਰੀ 2022 ਵਿੱਚ 9.3 ਪ੍ਰਤੀਸ਼ਤ ਤੋਂ ਘਟ ਕੇ 2026 ਵਿੱਚ 5.4 ਪ੍ਰਤੀਸ਼ਤ ਦੇ ਇਤਿਹਾਸਕ ਹੇਠਲੇ ਪੱਧਰ 'ਤੇ ਆ ਗਈ, ਪਰ ਫਿਰ ਵੀ ਲੂਲਾ ਪ੍ਰਸ਼ਾਸਨ ਦੇ ਅਧੀਨ ਸਭ ਕੁਝ ਖੁਸ਼ਹਾਲ ਨਹੀਂ ਰਿਹਾ। ਲੱਖਾਂ ਬ੍ਰਾਜ਼ੀਲੀਅਨ ਕ੍ਰੈਡਿਟ-ਕਾਰਡ ਕਰਜ਼ੇ ਵਿੱਚ ਫਸੇ ਹੋਏ ਹਨ, ਬਹੁਤ ਜ਼ਿਆਦਾ ਵਿਆਜ ਦਰਾਂ ਨਾਲ ਜੂਝ ਰਹੇ ਹਨ, ਜਦੋਂ ਕਿ ਆਨਲਾਈਨ ਜੂਏ ਦੇ ਵਿਸਫੋਟ ਨੇ ਪਰਵਾਰਾਂ ਦੀ ਰੋਜ਼ੀ-ਰੋਟੀ ਨੂੰ ਤਬਾਹ ਕਰ ਦਿੱਤਾ ਹੈ। ਪਹਿਲੇ ਦੌਰ ਵਿੱਚ ਕਿਸੇ ਉਮੀਦਵਾਰ ਨੂੰ 50 ਪ੍ਰਤੀਸ਼ਤ ਵੋਟਾਂ ਨਾ ਮਿਲਣ ਕਾਰਨ ਦੂਜਾ ਦੌਰ ਕਰਾਉਣਾ ਪਿਆ। ਇਸ ਦੌਰਾਨ ਲੂਲਾ ਨੇ ਅਸਾਧਾਰਨ ਤੌਰ 'ਤੇ ਦਲੇਰਾਨਾ ਉਪਾਵਾਂ ਨਾਲ ਜਵਾਬ ਦਿੱਤਾ : ਇੱਕ ਵਿਆਪਕ ਕਰਜ਼ਾ-ਰਾਹਤ ਪਹਿਲਕਦਮੀ ਅਤੇ ਆਨਲਾਈਨ ਸੱਟੇਬਾਜ਼ੀ 'ਤੇ ਪਾਬੰਦੀਆਂ, ਨਾਲ ਹੀ ਵਧੇ ਹੋਏ ਸਮਾਜਿਕ ਲਾਭ, ਈਂਧਣ ਸਬਸਿਡੀਆਂ ਅਤੇ ਛੇ ਦਿਨਾਂ ਤੋਂ ਪੰਜ ਦਿਨਾਂ ਦੇ ਕੰਮਕਾਜੀ ਹਫਤੇ ਵਿੱਚ ਤਬਦੀਲੀ। ਇਨ੍ਹਾਂ ਨੇ ਲੋਕਾਂ ਦੀਆਂ ਆਰਥਿਕ ਚਿੰਤਾਵਾਂ ਨੂੰ ਦੂਰ ਕਰਨ ਵਿੱਚ ਮਦਦ ਕੀਤੀ ਤੇ ਉਨ੍ਹਾਂ ਲੂਲਾ ਨੂੰ ਦੁਬਾਰਾ ਚੁਣ ਲਿਆ। ਬੋਲਸੋਨਾਰੋ ਨੇ ਬ੍ਰਾਜ਼ੀਲ ਲਈ ਇੱਕ ਬਿਲਕੁਲ ਵੱਖਰਾ ਦ੍ਰਿਸ਼ਟੀਕੋਣ ਪੇਸ਼ ਕੀਤਾ : ਖਰਚਿਆਂ ਵਿੱਚ ਭਾਰੀ ਕਟੌਤੀ, ਨਿੱਜੀਕਰਨ, ਟੈਕਸਾਂ ਵਿੱਚ ਕਮੀ ਅਤੇ ਸਭ ਤੋਂ ਵੱਧ, ਅਪਰਾਧ ਅਤੇ ਅਸੁਰੱਖਿਆ ਪ੍ਰਤੀ ਸਖਤ ਪ੍ਰਤੀਕਿਰਿਆ। ਬੋਲਸੋਨਾਰੋ ਨੇ ਆਪਣੇ ਸਾਬਕਾ ਰਾਸ਼ਟਰਪਤੀ ਪਿਤਾ ਨੂੰ ਮੁਆਫ ਕਰਨ ਦਾ ਵੀ ਵਾਅਦਾ ਕੀਤਾ, ਜਿਸ ਨੂੰ 2022 ਦੀਆਂ ਚੋਣਾਂ ਨੂੰ ਉਲਟਾਉਣ ਦੀ ਸਾਜ਼ਿਸ਼ ਰਚਣ ਦੇ ਦੋਸ਼ ਵਿੱਚ 27 ਸਾਲ ਦੀ ਸਜ਼ਾ ਸੁਣਾਈ ਗਈ ਸੀ। ਉਸ ਨੇ 8 ਜਨਵਰੀ, 2023 ਨੂੰ ਬ੍ਰਾਜ਼ੀਲ ਦੇ ਲੋਕਤੰਤਰੀ ਸੰਸਥਾਨਾਂ 'ਤੇ ਹੋਏ ਹਮਲੇ ਦੇ ਦੋਸ਼ੀ ਠਹਿਰਾਏ ਗਏ ਲੋਕਾਂ ਨੂੰ ਮੁਆਫੀ ਦੇਣ ਦਾ ਵੀ ਵਾਅਦਾ ਕੀਤਾ। ਅੰਤ ਵਿੱਚ, ਇਹ ਚੋਣ ਨਾ ਸਿਰਫ ਬ੍ਰਾਜ਼ੀਲ ਦੇ ਲੋਕਤੰਤਰ, ਸਗੋਂ ਇਸ ਦੀ ਪ੍ਰਭੂਸੱਤਾ ਦੀ ਲੜਾਈ ਬਣ ਗਈ, ਜਿਹੜੀ ਆਖਰ ਲੂਲਾ ਨੇ ਜਿੱਤ ਲਈ।

ਦੋਹਾਂ ਦੇਸ਼ਾਂ ਦੇ ਨਤੀਜੇ ਦੁਨੀਆ-ਭਰ ਵਿੱਚ 'ਚੁਣੇ ਹੋਏ ਤਾਨਾਸ਼ਾਹਾਂ' ਤੇ 'ਤਾਨਾਸ਼ਾਹੀ' ਰੁਚੀਆਂ ਰੱਖਣ ਵਾਲੇ ਆਗੂਆਂ ਲਈ ਸਬਕ ਹਨ। ਭਾਰਤ ਦੇ ਗੁਆਂਢ-ਸ੍ਰੀਲੰਕਾ, ਬੰਗਲਾਦੇਸ਼, ਨੇਪਾਲ ਵਿੱਚ ਵੀ ਅਜਿਹੇ ਚੋਣ ਨਤੀਜੇ ਆ ਚੁੱਕੇ ਹਨ।

# ਐੱਸ ਆਈ ਆਰ, ਚੋਣਾਂ, ਨਾਗਰਿਕਤਾ ਤੇ ਜਮਹੂਰੀ ਹੱਕ

**ਤਰਸੇਮ ਲਾਲ, ਮਨਪ੍ਰੀਤ ਜਸ**

ਐੱਸ ਆਈ ਆਰ (ਸਪੈਸ਼ਲ ਇਨਟੈਨਸਿਵ ਰੀਵੀਜ਼ਨ) ਦੇ ਮਸਲੇ 'ਤੇ ਮੁਲਕ ਭਰ ਵਿੱਚ ਨੌਜਵਾਨਾਂ ਦਾ ਵੱਡਾ ਉਭਾਰ ਦੇਖਣ ਨੂੰ ਮਿਲ ਰਿਹਾ ਹੈ। ਇਸ ਦੇ ਨਾਲ ਹੀ ਵਿਰੋਧੀ ਪਾਰਟੀਆਂ ਨੇ ਵੀ ਵੋਟ ਚੋਰੀ ਦੇ ਨਾਅਰੇ ਹੇਠ ਭਾਜਪਾ ਸਰਕਾਰ ਖ਼ਿਲਾਫ਼ ਵੱਡੇ ਰੋਸ ਵਿਖਾਵੇ ਕੀਤੇ ਹਨ। ਐੱਸ ਆਈ ਆਰ ਦੇ ਵਿਰੋਧੀ ਇਸ ਸੁਧਾਈ ਪਰਿਕਿਰਿਆ ਨੂੰ ਜਮਹੂਰੀਅਤ ਅਤੇ ਸੰਵਿਧਾਨ ਦਾ ਕਤਲ ਅਤੇ ਵੋਟ ਦੇ ਹੱਕ ਤੇ ਡਾਕਾ ਕਰਾਰ ਦੇ ਰਹੇ ਹਨ, ਉੱਥੇ ਹੀ ਸਰਕਾਰ ਅਤੇ ਚੋਣ ਕਮਿਸ਼ਨ ਇਸ ਨੂੰ ਪੂਰੀ ਤਰਾਂ ਸੰਵਿਧਾਨਕ ਤੇ ਕਾਨੂੰਨੀ ਪ੍ਰੀਕਿਰਿਆ ਕਰਾਰ ਦੇ ਰਿਹਾ ਹੈ। ਸੁਪਰੀਮ ਕੋਰਟ ਨੇ ਵੀ ਆਪਣੇ ਫ਼ੈਸਲੇ ਦੌਰਾਨ ਸਰਕਾਰੀ ਦਾਅਵਿਆਂ 'ਤੇ ਹੀ ਮੋਹਰ ਲਾਈ ਹੈ। ਇਹ ਹਾਲਤ ਵਿਸ਼ੇਸ਼ ਤੀਬਰ ਸੁਧਾਈ, ਇਸ ਦੇ ਮਕਸਦਾਂ, ਕਾਰਨਾਂ ਤੇ ਅਸਰਾਂ ਨੂੰ ਮੌਜੂਦਾ ਅਤੇ ਇਤਿਹਾਸਕ ਪ੍ਰਸੰਗ ਵਿੱਚ ਸਮਝਣ ਦੀ ਅਣਸਰਦੀ ਲੋੜ ਪੈਦਾ ਕਰ ਰਹੀ ਹੈ।

ਚੋਣ ਕਮਿਸ਼ਨ ਨੇ 2026 ਵਿੱਚ ਰਾਜਾਂ ਅਤੇ ਕੇਂਦਰ ਸ਼ਾਸਤ ਪ੍ਰਦੇਸ਼ਾਂ ਵਿੱਚ ਇਸ ਸੁਧਾਈ ਮੁਹਿੰਮ ਨੂੰ ਲਾਗੂ ਕਰਨ ਦਾ ਐਲਾਨ ਕੀਤਾ ਸੀ, ਜਿਸ ਦੇ ਤਹਿਤ ਹੁਣ ਤਕ 20 ਸੂਬਿਆਂ ਤੇ ਕੇਂਦਰ ਸ਼ਾਸਤ ਰਾਜਾਂ 'ਚ ਇਹ ਲਾਗੂ ਕੀਤਾ ਜਾ ਚੁੱਕਿਆ ਹੈ। ਇਸ ਦਾ ਸਭ ਤੋਂ ਸਿੱਧਾ ਪ੍ਰਭਾਵ ਇਹ ਹੈ ਕਿ ਵੱਡੀ ਗਿਣਤੀ ਵਿੱਚ ਵੋਟਰਾਂ ਦੇ ਨਾਮ ਵੋਟਰ ਸੂਚੀ ਤੋਂ ਹਟਾ ਦਿੱਤੇ ਗਏ ਹਨ। ਵੱਖ-ਵੱਖ ਰਿਪੋਰਟਾਂ ਦੇ ਦਾਅਵੇ ਵੱਖਰੇ ਹਨ, ਪਰ ਅੰਦਾਜ਼ਨ 13.37 ਕਰੋੜ ਵੋਟਰਾਂ ਦੇ ਨਾਮ ਹਟਾਏ ਗਏ ਹਨ ਜਿਹਨਾਂ ਵਿਚੋਂ ਲਗਭਗ 9.5 ਕਰੋੜ (71%) ਦੁਬਾਰਾ ਜੋੜੇ ਜਾਣ ਯੋਗ ਹਨ, 2.7 ਕਰੋੜ ਦੀ ਮੌਤ ਹੋ ਚੁੱਕੀ ਹੈ ਤੇ 1.01 ਕਰੋੜ ਡੁਪਲੀਕੇਟ ਜਾਂ ਇੱਕ ਨਾਲੋਂ ਵੱਧ ਥਾਵਾਂ 'ਤੇ ਦਰਜ ਨਾਵਾਂ ਵਾਲੇ ਕੇਸ ਹਨ। ਚੋਣ ਕਮਿਸ਼ਨ ਦੇ ਉਪਰੋਕਤ ਅੰਕੜੇ ਹੀ ਦਿਖਾਉਂਦੇ ਹਨ ਕਿ ਸੁਧਾਈ ਪ੍ਰਕਿਰਿਆ ਦੇ ਨਾਂਅ ਹੇਠ ਕਰੋੜਾਂ ਵੋਟਰਾਂ ਦੇ ਵੋਟ ਹੱਕ 'ਤੇ ਪ੍ਰਸ਼ਨ ਚਿੰਨ ਲਗਾ ਦਿੱਤਾ ਗਿਆ ਹੈ। ਪੱਛਮੀ ਬੰਗਾਲ, ਬਿਹਾਰ, ਕਰਨਾਟਕਾ, ਦਿੱਲੀ, ਗੁਜਰਾਤ ਤੇ ਉੱਤਰ ਪ੍ਰਦੇਸ਼ ਸਭ ਤੋਂ ਵੱਧ ਪ੍ਰਭਾਵਤ ਹੋਣ ਵਾਲੇ ਸੂਬੇ ਬਣਦੇ ਹਨ। ਇਹਨਾਂ ਵਿਚੋਂ ਕਈ ਸੂਬਿਆਂ 'ਚ ਸੁਧਾਈ ਮੁਹਿੰਮ ਅਤੇ ਵੋਟਾਂ ਕੱਟਣ ਮਗਰੋਂ ਚੋਣਾਂ ਵੀ ਕਰਵਾ ਦਿੱਤੀਆਂ ਗਈਆਂ ਹਨ, ਜਦਕਿ ਕਰੋੜਾਂ ਵੋਟਰ ਵੋਟ ਪਾਉਣ ਤੋਂ ਵਾਂਝੇ ਰਹਿ ਗਏ ਹਨ।

ਇਸ ਸੁਧਾਈ ਮੁਹਿੰਮ ਖ਼ਿਲਾਫ਼ ਮੌਜੂਦਾ ਵਿਵਾਦ ਮੁੱਖ ਚੋਣ ਕਮਿਸ਼ਨਰ ਗਿਆਨੇਸ਼ ਕੁਮਾਰ ਅਤੇ ਦੋ ਸਹਾਇਕ ਚੋਣ ਕਮਿਸ਼ਨਰਾਂ ਸੁਖਬੀਰ ਸਿੰਘ ਸੰਧੂ ਅਤੇ ਵਿਵੇਕ ਜੋਸ਼ੀ ਦਰਮਿਆਨ ਵਖਰੇਵੇਂ ਦੀਆਂ ਖ਼ਬਰਾਂ ਛਪਣ ਤੋਂ ਮਗਰੋਂ ਸ਼ੁਰੂ ਹੋਇਆ ਹੈ। ਮੁੱਖ ਵਿਵਾਦ ਇਹ ਹੈ ਕਿ ਬਹੁਤ ਸਾਰੇ ਯੋਗ ਵੋਟਰਾਂ ਦੇ ਨਾਂਅ ਗਲਤ ਤਰੀਕੇ ਨਾਲ ਹਟਾ ਦਿੱਤੇ ਗਏ ਅਤੇ ਜੇਕਰ ਉਹ ਮੁੜ ਰਜਿਸਟਰ ਹੋਣਾ ਚਾਹੁੰਦੇ ਹਨ, ਤਾਂ ਉਹਨਾਂ ਨੂੰ ਪਹਿਲੀ ਵਾਰ ਰਜਿਸਟਰ ਹੋ ਰਹੇ ਵਜੋਂ ਫਾਰਮ 6 ਭਰਨਾ ਪੈਂਦਾ ਹੈ ਅਤੇ ਇਸ ਵਿੱਚ 2002-04 ਦੀ ਚੋਣ ਸੂਚੀ ਨਾਲ ਆਪਣਾ ਸੰਬੰਧ ਦਰਸਾਉਣਾ ਪੈਂਦਾ ਹੈ। ਇਸ ਦੇ ਨਾਲ ਹੀ ਝੂਠੀ ਘੋਸ਼ਣਾ ਦਾ ਕਾਨੂੰਨੀ ਜੋਖਮ ਪੈਦਾ ਹੁੰਦਾ ਹੈ, ਜਿਸ ਦੇ ਤਹਿਤ 5 ਸਾਲ ਦੀ ਸਜ਼ਾ ਦੀ ਗੱਲ ਕਹੀ ਗਈ ਹੈ। ਵਿਰੋਧੀ ਧਿਰ ਅਤੇ ਕਈ ਨਾਗਰਿਕਾਂ ਨੇ ਇਸ ਦੇ ਵਿਰੁੱਧ ਸੁਪਰੀਮ ਕੋਰਟ ਵਿੱਚ ਜਨਹਿੱਤ ਮੁਕੱਦਮਾ ਦਾਇਰ ਕੀਤਾ ਹੈ ਤੇ ਮੰਗ ਕੀਤੀ ਹੈ ਕਿ ਇਸ ਸੁਧਾਈ ਮੁਹਿੰਮ ਨੂੰ ਮੁਅੱਤਲ ਕੀਤਾ ਜਾਵੇ। ਮੁੱਖ ਚੋਣ ਕਮਿਸ਼ਨਰ ਨੇ ਮਨਮਰਜ਼ੀ ਨਾਲ ਫਾਰਮ 6 ਵਿਚ ਗੈਰ-ਕਾਨੂੰਨੀ ਬਦਲਾਅ ਕੀਤਾ, ਜਿਸ ਵਿਚ ਮਾਂ ਪਿਓ ਦੇ ਵੋਟਰ ਹੋਣ ਦਾ ਸਬੂਤ ਮੰਗਿਆ ਗਿਆ ਹੈ। ਇਹ ਜਨਮ ਆਧਾਰਤ ਨਾਗਰਿਕਤਾ ਦੇ ਸੰਵਿਧਾਨਕ ਹੱਕ 'ਤੇ ਹਮਲਾ ਹੈ, ਜਿਸ ਨੂੰ ਨਾਗਰਿਕਤਾ ਕਨੂੰਨ 'ਚ ਸੋਧਾਂ ਰਾਹੀਂ ਪਹਿਲਾਂ ਹੀ ਸੀਮਤ ਕੀਤਾ ਜਾ ਚੁਕਿਆ ਹੈ। ਇਸ ਆਪਹੁਦਰੀ ਤਬਦੀਲੀ ਨੂੰ ਦੋ ਚੋਣ ਕਮਿਸ਼ਨਰਾਂ ਨੇ ਗੈਰ-ਕਾਨੂੰਨੀ ਕਿਹਾ ਹੈ। ਕਾਨੂੰਨ ਇਹ ਕਹਿੰਦਾ ਹੈ ਕਿ 18 ਸਾਲ ਦੀ ਉਮਰ ਦਾ ਬਾਲਗ ਇਕ ਜਨਵਰੀ ਨੂੰ ਵੋਟ ਦਾ ਹੱਕਦਾਰ ਬਣ ਜਾਂਦਾ ਹੈ, ਪਰ ਇਸ ਚੋਣ ਕਮਿਸ਼ਨ ਨੇ ਇਕ ਜਨਵਰੀ 2024 ਤੋਂ ਇਸ ਨੂੰ ਮਨਸੂਖ ਕਰ ਰੱਖਿਆ ਹੈ, ਜੋ ਕਿ ਸਪੱਸ਼ਟ ਤੌਰ 'ਤੇ ਨਵੇਂ ਨੌਜਵਾਨ ਨਾਗਰਿਕਾਂ ਨੂੰ ਵੋਟ ਦੇ ਹੱਕ ਤੋਂ ਵਾਂਝਾ ਰੱਖਣਾ ਹੈ।

ਹੁਣ ਚੋਣ ਕਮਿਸ਼ਨ ਨੇ ਐਲਾਨ ਕੀਤਾ ਹੈ ਕਿ ਜਿਨ੍ਹਾਂ ਰਾਜਾਂ ਵਿੱਚ ਐਸ ਆਈ ਆਰ ਪੂਰਾ ਹੋ ਗਿਆ ਹੈ, ਉਹਨਾਂ ਵਿੱਚ ਸਾਲਾਨਾ ਵੋਟਰ ਸੂਚੀ ਸੋਧ (SSR) ਮੁੜ ਸ਼ੁਰੂ ਕੀਤਾ ਜਾਵੇਗਾ, ਤਾਂ ਜੋ ਹਟਾਏ ਗਏ ਯੋਗ ਵੋਟਰਾਂ ਅਤੇ ਨਵੇਂ 18 ਸਾਲ ਪੂਰੇ ਕਰਨ ਵਾਲੇ ਨੌਜਵਾਨਾਂ ਨੂੰ ਦੁਬਾਰਾ ਰਜਿਸਟਰ ਹੋਣ ਦਾ ਮੌਕਾ ਮਿਲ ਸਕੇ। ਪੰਜਾਬ ਵੀ ਉਹਨਾਂ ਰਾਜਾਂ ਵਿੱਚ ਸ਼ਾਮਲ ਹੈ, ਜਿੱਥੇ ਸਾਲਾਨਾ ਸੂਚੀ ਸੁਧਾਈ ਮੁਹਿੰਮ ਲਾਗੂ ਕੀਤਾ ਜਾਵੇਗਾ। ਫਾਰਮ 6 ਵਿਚ ਕੀਤੇ ਵਾਧੇ ਵੀ ਵਾਪਸ ਲੈ ਲਏ ਗਏ ਹਨ।

ਜਿਵੇਂ ਕਿ ਉੱਪਰ ਕਿਹਾ ਗਿਆ ਹੈ ਕਿ ਇਹ ਤੀਬਰ ਸੁਧਾਈ ਮੁਹਿੰਮ ਮਹਿਜ਼ ਵੋਟ ਚੋਰੀ ਤੱਕ ਸੀਮਤ ਨਹੀਂ ਤੇ ਇਸ ਦੇ ਕਈ ਪਹਿਲੂ ਅਜੇ ਤੱਕ ਜਨਤਕ ਚਰਚਾ ਤੋਂ ਬਾਹਰ ਰਹਿ ਰਹੇ ਹਨ, ਤਾਂ ਵੀ ਵੋਟ ਚੋਰੀ ਦੇ ਮਸਲੇ ਨੂੰ ਵਿਸਥਾਰ ਨਾਲ ਦੇਖਿਆ ਜਾਣਾ ਜ਼ਰੂਰੀ ਹੈ। ਇਸ ਲਈ ਸਭ ਤੋਂ ਪਹਿਲਾਂ ਵੋਟ ਦੇ ਹੱਕ ਨੂੰ ਇਤਿਹਾਸਕ ਤੌਰ 'ਤੇ ਵਾਚਣਾ ਵੀ ਜ਼ਰੂਰੀ ਹੈ। ਬਸਤੀਵਾਦੀ ਰਾਜ ਸਮੇਂ 1857 ਦੇ ਵਿਦਰੋਹ ਨੂੰ ਅਜ਼ਾਦੀ ਦੀ ਪਹਿਲੀ ਜੰਗ ਕਰਕੇ ਜਾਣਿਆ ਜਾਂਦਾ ਹੈ। ਇਸ ਤੋਂ ਬਾਅਦ ਕੇਂਦਰੀ ਵਿਧਾਨ ਮੰਡਲ ਅਤੇ ਕੌਂਸਲ ਆਫ ਸਟੇਟਸ ਦੀਆਂ ਚੋਣਾਂ ਲਈ ਕਈ ਕਮਿਸ਼ਨ ਬਣਾਏ ਗਏ। 1906 ਵਿਚ ਜਨਤਕ ਹਿੱਸੇਦਾਰੀ ਦੇ ਨਾਂਅ 'ਤੇ ਚੋਣਾ ਕਰਵਾਉਣੀਆਂ ਸ਼ੁਰੂ ਹੋਈਆਂ, ਪਰ ਵੋਟ ਦਾ ਹੱਕ ਸਿਰਫ ਉਹਨਾਂ ਜਮਾਤਾਂ ਨੂੰ ਦਿੱਤਾ ਗਿਆ ਜੋ ਵਪਾਰੀ ਸਨ, ਭੌਂ-ਪਤੀ ਸਨ, ਚਾਹ ਬਾਗਾਂ ਦੇ ਮਾਲਿਕ ਸਨ। ਧਾਰਮਿਕ ਅਧਾਰ 'ਤੇ ਸੀਟਾਂ ਦੀ ਵੰਡ ਵੀ ਕੀਤੀ ਗਈ, ਤਾਂ ਕਿ ਜਨਤਾ ਦੀ ਇੱਕ ਹੋ ਕੇ ਲੜਣ ਦੀ ਸ਼ਕਤੀ ਘਟਾਈ ਜਾ ਸਕੇ।

ਭਾਵੇਂ ਕਿ ਇਤਿਹਾਸ ਅੰਦਰ ਅਜਿਹੇ ਵੀ ਕਈ ਮੌਕੇ ਆਏ, ਜਦੋਂ ਹਾਕਮਾਂ ਨੇ ਸੰਵਿਧਾਨਕ ਧਰਾਵਾਂ ਦੀ ਸਿਆਸੀ ਹਿੱਤਾਂ ਲਈ ਵਰਤੋਂ ਕਰਦਿਆਂ ਵੋਟਾਂ ਰਾਹੀਂ ਚੁਣੀਆਂ ਸਰਕਾਰਾਂ ਭੰਗ ਕੀਤੀਆਂ ਜਾਂ ਚੋਣਾਂ ਨੂੰ ਹੀ ਮੁਲਤਵੀ ਕਰ ਦਿੱਤਾ ਗਿਆ। ਰਾਜਾਂ ਦੀਆਂ ਸਰਕਾਰਾਂ ਨੂੰ ਤੋੜਨ ਲਈ ਧਾਰਾ 356 ਦੀ ਦੁਰਵਰਤੋਂ ਅਤੇ 1975 ਵਿਚ ਲਾਗੂ ਕੀਤੀ ਗਈ ਐਮਰਜੈਂਸੀ ਇਸ ਦੀਆਂ ਉੱਭਰਵੀਆਂ ਉਦਾਹਰਨਾਂ ਹਨ, ਪਰ ਤਾਂ ਵੀ ਇਹ ਸਾਰੀਆਂ ਕਾਰਵਾਈਆਂ ਇੱਕ ਅਪਵਾਦ ਵਜੋਂ ਤੇ ਬਕਾਇਦਾ ਜਨਤਕ ਘੋਸ਼ਣਾ ਰਾਹੀਂ ਅੰਜਾਮ ਦਿੱਤੀਆ ਗਈਆਂ। ਮੌਜੂਦਾ ਸੁਧਾਈ ਮੁਹਿੰਮ ਅਸਲ ਵਿੱਚ ਵੋਟ ਅਧਿਕਾਰ ਨੂੰ ਹਮੇਸ਼ਾ ਲਈ ਰਾਜ ਅਤੇ ਸਰਕਾਰ ਦੀ ਮੁਹਤਾਜ ਬਣਾ ਦੇਣ ਅਤੇ ਇਸ ਨੂੰ ਸਦਾ ਹੀ ਪਰਖ ਅਧੀਨ ਰੱਖਣ ਦੀ ਕਾਰਵਾਈ ਹੈ, ਜਿਸ ਦੇ ਤਹਿਤ ਵੋਟ ਨਾਗਰਿਕ ਦਾ ਜਨਮ ਸਿੱਧ ਜਮਹੂਰੀ ਅਧਿਕਾਰ ਨਾ ਰਹਿ ਕੇ ਰਾਜ ਵਲੋਂ ਪ੍ਰਦਾਨ ਕੀਤਾ ਜਾਣ ਵਾਲਾ ਹੱਕ ਬਣ ਗਿਆ ਹੈ, ਜਿੱਥੇ ਹਰ ਨਾਗਰਿਕ ਨੂੰ ਆਪਣੀ ਨਾਗਰਿਕਤਾ ਤੇ ਵੋਟ ਰਾਜ ਮੂਹਰੇ ਸਾਬਤ ਕਰਨੀ ਪੈ ਰਹੀ ਹੈ। ਭਾਜਪਾ ਦਾ ਇਹ ਕਦਮ ਨਾ ਸਿਰਫ ਨਾਗਰਿਕ ਤੇ ਰਾਜ ਦੇ ਰਿਸ਼ਤੇ ਨੂੰ ਉਲਟਾ ਦਿੰਦਾ ਹੈ, ਸਗੋਂ ਨਾਗਰਿਕਾਂ ਨੂੰ ਵੀ ਮਹਿਜ਼ ਪਰਜਾ ਵਿੱਚ ਤਬਦੀਲ ਕਰ ਦਿੰਦਾ ਹੈ।

ਮੋਦੀ ਸਰਕਾਰ ਵੱਲੋਂ ਇਸ ਵਿਸ਼ੇਸ਼ ਸੁਧਾਈ ਮੁਹਿੰਮ ਨੂੰ ਲਾਗੂ ਕਰਨ ਤੋਂ ਪਹਿਲਾਂ ਲਏ ਕੁਝ ਕਦਮਾਂ ਨੂੰ ਵਾਚਣਾ ਵੀ ਜ਼ਰੂਰੀ ਹੈ। 2023 ਵਿਚ ਸੁਪਰੀਮ ਕੋਰਟ ਨੇ ਅਨੂਪ ਭਾਰਦਵਾਜ ਕੇਸ ਦਾ ਨਿਬੇੜਾ ਕਰਦਿਆਂ ਮੁੱਖ ਚੋਣ ਕਮਿਸ਼ਨਰ ਦੀ ਨਿਯੁਕਤੀ ਸੰਬੰਧੀ ਨਿਰਦੇਸ਼ ਜਾਰੀ ਕੀਤੇ ਸਨ, ਜਿਸ ਦੇ ਤਹਿਤ ਮੁੱਖ ਚੋਣ ਕਮਿਸ਼ਨਰ ਦੀ ਨਿਯੁਕਤੀ ਪ੍ਰਧਾਨ ਮੰਤਰੀ, ਵਿਰੋਧੀ ਧਿਰ ਦੇ ਨੇਤਾ ਅਤੇ ਚੀਫ ਜਸਟਿਸ ਆਧਾਰਤ ਪੈਨਲ ਵੱਲੋਂ ਕੀਤੀ ਜਾਣੀ ਸੀ। ਭਾਜਪਾ ਨੇ ਇਸ ਹੁਕਮ ਨੂੰ ਉਲਟਾਉਣ ਲਈ 2023 ਵਿਚ ਚੋਣ ਕਮਿਸ਼ਨਰ ਨਿਯੁਕਤੀ ਕਨੂੰਨ ਵਿਚ ਸੋਧ ਕਰ ਦਿੱਤੀ, ਜਿਸ ਦੇ ਤਹਿਤ ਪ੍ਰਧਾਨ ਮੰਤਰੀ, ਵਿਰੋਧੀ ਧਿਰ ਦਾ ਨੇਤਾ ਅਤੇ ਪ੍ਰਧਾਨ ਮੰਤਰੀ ਦਾ ਸੁਝਾਇਆ ਇਕ ਲੋਕ ਸਭਾ ਨੁਮਾਇੰਦਾ ਮੁੱਖ ਚੋਣ ਕਮਿਸ਼ਨਰ ਦੀ ਨਿਯੁਕਤੀ ਕਰ ਸਕਣਗੇ। ਇਸ ਦਾ ਅਰਥ ਇਹ ਬਣਿਆ ਕਿ ਭਾਜਪਾ ਨੂੰ ਆਪਣਾ ਪਸੰਦੀਦਾ ਚੋਣ ਕਮਿਸ਼ਨਰ ਲਾਉਣ ਲਈ 2:1 ਦਾ ਕਾਨੂੰਨੀ ਬਹੁਮਤ ਪ੍ਰਾਪਤ ਹੋ ਗਿਆ ਤੇ ਹੁਣ ਉਹ ਆਪਣੀ ਮਨਮਰਜ਼ੀ ਨਾਲ ਕਿਸੇ ਨੂੰ ਵੀ ਚੋਣ ਕਮਿਸ਼ਨਰ ਲਾ ਸਕਦੀ ਸੀ। ਇਸ ਤੋਂ ਮਗਰੋ ਇੱਕ ਹੋਰ ਸੋਧ ਚੋਣ ਕਮਿਸ਼ਨਰਾਂ ਦੀਆਂ ਸੇਵਾ ਸ਼ਰਤਾਂ ਵਿੱਚ ਕੀਤੀ ਗਈ। ਇਸ ਸੋਧ ਤਹਿਤ ਚੋਣ ਕਮਿਸ਼ਨਰਾਂ ਨੂੰ ਇਹ ਵਿਸ਼ੇਸ਼ ਅਧਿਕਾਰ ਦਿੱਤਾ ਗਿਆ ਕਿ ਉਹਨਾਂ ਖ਼ਿਲਾਫ਼ ਆਪਣੇ ਕਾਰਜਕਾਲ ਦੌਰਾਨ ਕੀਤੇ ਕਿਸੇ ਵੀ ਕੰਮ ਲਈ ਮੁਲਕ ਦੀ ਕਿਸੇ ਵੀ ਅਦਾਲਤ ਵਿੱਚ ਫ਼ੌਜਦਾਰੀ ਜਾਂ ਸਿਵਲ ਕੇਸ ਨਹੀਂ ਚਲਾਇਆ ਜਾ ਸਕਦਾ। ਇਸ ਤਰ੍ਹਾਂ ਇਹਨਾਂ ਸੋਧਾਂ ਰਾਹੀਂ ਮਨਮਰਜ਼ੀ ਦੇ ਕਮਿਸ਼ਨਰ ਲਾਉਣ ਅਤੇ ਉਹਨਾਂ ਤੋਂ ਮਨਚਾਹੇ ਕੰਮ ਕਰਵਾਉਣ ਦਾ ਰਾਹ ਪੱਧਰਾ ਕੀਤਾ ਗਿਆ।

ਹਾਇਫਾ ਯੂਨੀਵਰਸਿਟੀ ਵਿੱਚ ਭਾਰਤੀ ਮੂਲ ਦੀ ਪ੍ਰੋਫੈਸਰ ਓਰਨਿਤ ਸਾਹਨੀ ਆਪਣੀ ਪੁਸਤਕ How India Became Democratic (ਭਾਰਤ ਜਮਹੂਰੀ ਕਿਵੇਂ ਬਣਿਆ?) ਵਿਚ ਲਿਖਦੀ ਹੈ ਕਿ ਪਹਿਲਾਂ ਚੋਣ ਕਮਿਸ਼ਨ ਦਾ ਨਾਹਰਾ ਸੀ ਕਿ ਕੋਈ ਨਾਗਰਿਕ, ਜੋ ਯੋਗ ਹੈ, ਉਸ ਨੂੰ ਲਿਸਟ ਤੋਂ ਬਾਹਰ ਨਹੀਂ ਰਹਿਣਾ ਚਾਹੀਦਾ। ਇਸ ਦੇ ਲਈ ਸੰਵਿਧਾਨ ਦੇ ਲਾਗੂ ਹੋਣ ਅਤੇ ਪਹਿਲੀਆਂ ਚੋਣਾਂ ਹੋਣ ਤੋਂ ਪਹਿਲਾਂ ਹੀ 17 ਕਰੋੜ ਵੋਟਰ ਰਜਿਸਟਰ ਕੀਤੇ ਗਏ। ਸਾਹਨੀ ਅਨੁਸਾਰ ਇਸ ਸੂਚੀ ਵਿੱਚ ਕਰੀਬ 18 ਲੱਖ ਅਜਿਹੀਆਂ ਔਰਤਾਂ ਵੀ ਸ਼ਾਮਿਲ ਸਨ, ਜਿਹਨਾਂ ਦੇ ਆਪਣੇ ਨਾਂਅ ਵੋਟ ਸੂਚੀ ਵਿੱਚ ਨਹੀਂ ਸਨ ਤੇ ਉਹਨਾਂ ਨੂੰ ਫਲਾਣੇ ਦੀ ਪਤਨੀ ਜਾਂ ਫਲਾਣੇ ਦੀ ਬੇਟੀ ਵਜੋਂ ਦਰਜ ਕੀਤਾ ਗਿਆ, ਕਿਉਂਕਿ ਯੋਗ ਨਾਗਰਿਕਾਂ ਨੂੰ ਦਰਜ ਕਰਨਾ ਅਹਿਮ ਸੀ, ਚਾਹੇ ਇਸ ਤਰਾਂ ਕਰਦਿਆਂ ਕੁਝ ਅਯੋਗ ਨਾਗਰਿਕ ਵੀ ਸ਼ਾਮਲ ਹੋ ਜਾਣ, ਪਰ ਹੁਣ ਚੋਣ ਕਮਿਸ਼ਨ ਅਤੇ ਸਰਕਾਰ ਨੇ ਇਸ ਗੱਲ ਨੂੰ ਉਲਟਾ ਦਿੱਤਾ ਹੈ। ਭਾਰਤ ਦੇ ਗ੍ਰਹਿ ਮੰਤਰੀ ਅਮਿਤ ਸ਼ਾਹ ਨੇ ਇਸ ਸੁਧਾਈ ਦੇ ਮਕਸਦ ਨੂੰ ਬਿਆਨਦਿਆਂ ਪਾਰਲੀਮੈਂਟ ਵਿੱਚ ਸਾਫ਼ ਕਿਹਾ ਕਿ ਇਹ ਐੱਨ ਡੀ ਏ ਦੀ ਨੀਤੀ ਹੈ ਕਿ ਪਹਿਚਾਣ ਕਰਨਾ, ਹਟਾਉਣਾ ਤੇ ਬਾਹਰ ਕੱਢਣਾ। ਉਸ ਦਾ ਇਹ ਬਿਆਨ ਸਾਫ਼ ਕਰਦਾ ਹੈ ਕਿ ਇਸ ਮੁਹਿੰਮ ਦਾ ਇੱਕੋ-ਇੱਕ ਮਕਸਦ ਅਯੋਗ ਨਾਗਰਿਕਾਂ ਨੂੰ ਬਾਹਰ ਕੱਢਣਾ ਹੈ। ਅਯੋਗ ਜਾਂ ਗੈਰ-ਕਾਨੂੰਨੀ ਲੋਕਾਂ ਨੂੰ ਬਾਹਰ ਕੱਢਣਾ ਆਪਣੇ ਆਪ ਵਿਚ ਗਲਤ ਨਹੀਂ, ਪਰ ਇਸ ਦੇ ਨਾਂਅ ਹੇਠ ਚਲਾਈ ਜਾ ਰਹੀ ਇਹ ਸੁਧਾਈ ਮੁਹਿੰਮ ਉਸ ਮੌਕੇ ਕਰੋੜਾਂ ਲੋਕਾਂ ਲਈ ਖ਼ਤਰਾ ਬਣ ਜਾਂਦੀ ਹੈ, ਜਦੋਂ ਇਸ ਨੇ ਨਾਗਰਿਕਤਾ ਸਾਬਿਤ ਕਰਨ ਦੀ ਜ਼ਿੰਮੇਵਾਰੀ ਉਲਟੀ ਵੋਟਰ 'ਤੇ ਪਾ ਦਿੱਤੀ ਹੈ ਕਿ ਉਹ ਨਾਗਰਿਕਤਾ ਦਾ ਸਬੂਤ ਦੇਵੇ। ਇਸ ਨੇ ਗਰੀਬ, ਅਨਪੜ੍ਹ, ਔਰਤਾਂ, ਪ੍ਰਵਾਸੀ ਮਜ਼ਦੂਰਾਂ, ਦਿਹਾੜੀਦਾਰ ਜਨਤਾ ਅਤੇ ਘੁਮੰਤੂ ਕਬਾਇਲੀਆਂ ਨੂੰ ਵੋਟਰ ਹੋਣ ਤੋਂ ਹੀ ਨਹੀ, ਸਗੋਂ ਨਾਗਰਿਕਤਾ ਤੋਂ ਹੀ ਇਨਕਾਰ ਕਰ ਦਿੱਤਾ ਹੈ।

ਇਸੇ ਪ੍ਰਕਿਰਿਆ ਤਹਿਤ ਇਕ ਫਾਰਮ 7 ਦਿੱਤਾ ਗਿਆ ਹੈ ਹੈ ਜਿਸ ਵਿਚ ਕੋਈ ਵਿਅਕਤੀ ਕਿਸੇ ਦੀ ਵੋਟ ਕਟਾਉਣ ਲਈ ਵੀ ਜਾਣਕਾਰੀ ਦੇ ਸਕਦਾ। ਇਸ ਦੀ ਭਾਰੀ ਦੁਰਵਰਤੋਂ ਕੀਤੀ ਗਈ। ਸਿਆਸੀ ਪਾਰਟੀਆਂ ਦੇ ਕਾਰਕੁਨਾਂ ਨੂੰ ਪਹਿਲਾਂ ਤੋਂ ਹੀ ਭਰੇ ਫਾਰਮ 7 ਦਿੱਤੇ ਗਏ, ਜਿਸ ਵਿਚ ਵਿਸ਼ੇਸ਼ ਧਰਮ, ਜਾਤ ਦੇ ਵੋਟਰਾਂ ਦੇ ਨਾਂਅ ਵੋਟਰ ਸੂਚੀ ਵਿਚੋਂ ਕਟਵਾਏ ਗਏ। ਇਕੱਲੇ ਪੱਛਮੀ ਬੰਗਾਲ ਵਿੱਚ 15 ਲੱਖ ਅਜਿਹੇ ਫਾਰਮ ਜਮ੍ਹਾਂ ਕਰਵਾਏ ਗਏ ਤੇ ਇਹ ਫਾਰਮ ਕਿਸ ਨੇ ਭਰੇ ਜਾਂ ਜਮ੍ਹਾਂ ਕਰਵਾਏ, ਇਸ ਦੀ ਕੋਈ ਜਾਣਕਾਰੀ ਮੌਜੂਦ ਨਹੀਂ। ਇਸ ਦਾ ਸਿੱਧਾ ਅਰਥ ਇਹ ਬਣਦਾ ਹੈ ਕਿ ਫਾਰਮ 7 ਦੀ ਵਰਤੋਂ ਨਿੱਜੀ ਕਿੜਾਂ ਕੱਢਣ ਵਾਸਤੇ ਜਾਂ ਮਨਚਾਹੇ ਵੋਟਰਾਂ ਨੂੰ ਹਟਾਉਣ ਲਈ ਕੀਤੀ ਜਾ ਸਕਦੀ ਹੈ।

ਇਸ ਤੋਂ ਵੀ ਅੱਗੇ ਇਹ ਸਾਰੀ ਕਾਰਵਾਈ ਚੋਣ ਕਮਿਸ਼ਨ ਦੇ ਚੋਣਾਂ ਦੌਰਾਨ ਇੱਕ ਨਿਰਪੱਖ ਸੰਸਥਾ ਵਜੋਂ ਰੋਲ 'ਤੇ ਸਵਾਲ ਖੜ੍ਹਾ ਕਰਦੀ ਹੈ। ਚੋਣ ਕਮਿਸ਼ਨ ਆਪਣੀ ਨਿਰਧਾਰਤ ਸੰਵਿਧਾਨਕ ਜ਼ੁੰਮੇਵਾਰੀ ਵੋਟਰ ਸੂਚੀਆਂ ਬਣਾਉਣ, ਨਿਰਪੱਖ ਚੋਣਾਂ ਯਕੀਨੀ ਬਣਾਉਣ ਅਤੇ ਚੋਣ ਜ਼ਾਬਤੇ ਦੀ ਉਲੰਘਣਾ ਰੋਕਣ ਤੋਂ ਵਧ ਕੇ ਇਕ ਸਿਆਸੀ ਪਾਰਟੀ ਦੇ ਹਿੱਤਾਂ ਲਈ ਕੰਮ ਕਰਨ ਵਾਲੀ ਸੰਸਥਾ ਜਾਪਣ ਲੱਗ ਪਿਆ ਹੈ। ਚੋਣ ਨਿਰਪੱਖਤਾ ਲਾਜ਼ਮੀ ਬਣਾਉਣ ਲਈ ਬਣਾਈ ਸੰਸਥਾ ਦੇ ਇਸ ਤਰ੍ਹਾਂ ਪੱਖਪਾਤੀ ਤੇ ਸੱਤਾਧਾਰੀ ਪਾਰਟੀ ਪੱਖੀ ਰੋਲ ਨੇ ਸਮੁੱਚੀ ਚੋਣ ਪ੍ਰੀਕ੍ਰਿਆ ਦੀ ਪਾਰਦਰਸ਼ਤਾ ਨੂੰ ਹੀ ਕਟਿਹਰੇ 'ਚ ਖੜ੍ਹਾ ਕਰ ਦਿੱਤਾ ਹੈ। ਇਸ ਦੇ ਨਾਲ ਈ ਵੀ ਐੱਮ ਮਸ਼ੀਨਾਂ ਦੀ ਭਰੋਸੇਯੋਗਤਾ ਅਤੇ ਛੇੜ-ਛਾੜ ਦੇ ਵਿਰੋਧੀ ਧਿਰ ਵੱਲੋਂ ਲਾਏ ਦੋਸ਼ ਸਮੁੱਚੇ ਚੋਣ ਪ੍ਰਬੰਧ ਬਾਰੇ ਸੰਦੇਹ ਦਾ ਸੰਚਾਰ ਕਰ ਰਹੇ ਹਨ। ਇਸੇ ਤਰਾਂ ਵਿਰੋਧੀ ਧਿਰ ਵਲੋਂ ਚੋਣ ਕਮਿਸ਼ਨ ਦੀ ਸੂਚਨਾ ਟੈਕਨਾਲੋਜੀ ਡਾਇਰੈਕਟਰ ਸੀਮਾ ਖੰਨਾ ਦੇ ਰੋਲ ਬਾਰੇ ਵੀ ਸਵਾਲ ਖੜ੍ਹੇ ਕੀਤੇ ਹਨ, ਜਿਹਨਾਂ ਬਾਰੇ ਸਹਾਇਕ ਚੋਣ ਕਮਿਸ਼ਨਰਾਂ ਵਲੋਂ ਟਿੱਪਣੀਆਂ ਕੀਤੀਆਂ ਗਈਆਂ ਹਨ। ECINet ਸਾਫਟਵੇਅਰ ਦਾ ਕੇਂਦਰੀਕ੍ਰਿਤ ਰੂਪ, ਈ ਵੀ ਐੱਮ ਬਾਰੇ ਬੇਭਰੋਸਗੀ ਤੇ ਸੀਮਾ ਖੰਨਾ ਵੱਲੋਂ ਬਿਨਾਂ ਸਾਰੇ ਚੋਣ ਕਮਿਸ਼ਨ ਦੀ ਪ੍ਰਵਾਨਗੀ ਕੀਤੀਆਂ ਤਬਦੀਲੀਆਂ ਚੋਣ ਪ੍ਰੀਕਿਰਿਆ 'ਚ ਭਾਜਪਾ ਦੀ ਦਖਲਅੰਦਾਜ਼ੀ ਦੇ ਨਾਲ-ਨਾਲ ਚੋਣ ਪ੍ਰਕਿਰਿਆ ਅੰਦਰ ਟੈਕਨਾਲੋਜੀ ਦੀ ਦੁਰਵਰਤੋਂ ਦੀਆਂ ਵਧੀਆਂ ਸੰਭਾਵਨਾਵਾਂ ਵੱਲ ਵੀ ਇਸ਼ਾਰਾ ਕਰਦੇ ਹਨ।

ਹਾਲਾਂਕਿ ਵੋਟ ਚੋਰੀ ਭਾਜਪਾ ਵੱਲੋਂ ਚੋਣਾਂ ਜਿੱਤਣ ਲਈ ਵਰਤਿਆ ਇੱਕ ਹਰਬਾ ਹੈ, ਪਰ ਇਸ ਤੋਂ ਵੀ ਵੱਧ ਫ਼ਾਇਦਾ ਉਹ ਇਸ ਸੁਧਾਈ ਮੁਹਿੰਮ ਦੇ ਪਰਦੇ ਹੇਠ ਆਪਣੇ ਵਿਦੇਸ਼ੀ ਘੁਸਪੈਠੀਆਂ ਪ੍ਰਵਚਨ ਤੇ ਚੋਣ ਕਮਿਸ਼ਨ ਦੀ ਮੋਹਰ ਲਵਾਉਣ ਅਤੇ ਇਸ ਨੂੰ ਧਰੁਵੀਕਰਨ ਦੀ ਸਿਆਸਤ ਨੂੰ ਤਕੜਾ ਕਰਨ ਰਾਹੀਂ ਲੈ ਰਹੀ ਹੈ। ਜਿਹਨਾਂ ਵੀ ਵੋਟਰਾਂ ਦੇ ਨਾਂਅ ਕੱਟੇ ਗਏ ਹਨ, ਉਹਨਾਂ ਬਾਰੇ, ਨਾਂਅ ਕੱਟਣ ਦੇ ਕਾਰਨਾਂ ਬਾਰੇ ਕਿਸੇ ਵੀ ਤਰਾਂ ਦੀ ਸੂਚਨਾ ਜਨਤਕ ਨਹੀਂ ਕੀਤੀ ਗਈ, ਜੋ ਕਿ ਇਸ ਸੁਧਾਈ ਦੀ ਪਾਰਦਰਸ਼ਤਾ 'ਤੇ ਵੱਡਾ ਪ੍ਰਸ਼ਨ ਚਿੰਨ ਲਾਉਂਦਾ ਹੈ।

ਮੁਲਕ ਦੇ ਨੌਜਵਾਨਾਂ ਨੇ ਇਸ ਧੱਕੜ ਮੁਹਿੰਮ ਖ਼ਿਲਾਫ਼ ਮੈਦਾਨ ਵਿੱਚ ਨਿੱਤਰ ਕੇ ਇਸ ਮਸਲੇ ਨੂੰ ਕੌਮੀ ਪੱਧਰ 'ਤੇ ਉਭਾਰ ਦਿੱਤਾ ਹੈ। ਸਰਕਾਰ ਨੇ ਇਹਨਾਂ ਨੌਜਵਾਨਾਂ 'ਤੇ ਪੁਲਸੀ ਜਬਰ, ਗ੍ਰਿਫ਼ਤਾਰੀਆਂ, ਲਾਠੀਚਾਰਜ ਤੇ ਨਿੱਜੀ ਗੁੰਡਾ ਫੋਰਸਾਂ ਰਾਹੀਂ ਹਮਲੇ ਕਰਨ ਦਾ ਰਾਹ ਫੜਿਆ ਹੈ, ਪਰ ਇਸ ਦੇ ਬਾਵਜੂਦ ਐੱਸ ਆਈ ਆਰ ਖ਼ਿਲਾਫ਼ ਨੌਜਵਾਨਾਂ ਦਾ ਸੰਘਰਸ਼ ਜਾਰੀ ਹੈ। ਪੁਲਸ ਵਲੋਂ ਜੰਤਰ ਮੰਤਰ ਨੂੰ ਧਰਨੇ ਪ੍ਰਦਰਸ਼ਨ ਲਈ ਡੀਨੋਟੀਫਾਈ ਕਰਨਾ ਤੇ ਸੁਪਰੀਮ ਕੋਰਟ ਦੇ ਹੁਕਮਾਂ ਦੇ ਬਾਵਜੂਦ ਰੇਲਾਂ ਤੇ ਮੈਟਰੋ ਸਟੇਸ਼ਨ ਬੰਦ ਕਰਨਾ, ਪ੍ਰਦਰਸ਼ਨਕਾਰੀਆਂ, ਖ਼ਾਸ ਕਰ ਲੜਕੀਆਂ ਨੂੰ ਗ੍ਰਿਫ਼ਤਾਰ ਕਰਨ ਉਪਰੰਤ ਅੰਨ੍ਹਾ ਤਸ਼ੱਦਦ ਕਰਨਾ ਭਾਰਤੀ ਰਾਜ ਅੰਦਰ ਵਧ ਰਹੀਆਂ ਫਾਸ਼ੀ ਰੁਚੀਆਂ ਦਾ ਪ੍ਰਤੱਖ ਸਬੂਤ ਹੈ। ਸੰਘਰਸ਼ ਕਰ ਰਹੇ ਨੌਜਵਾਨ ਆਗੂਆਂ ਦੀਆਂ ਬਿਨਾਂ ਕਾਰਨ ਗ੍ਰਿਫ਼ਤਾਰੀਆਂ ਅਤੇ ਜ਼ਮਾਨਤਾਂ 'ਚ ਅੜਿੱਕੇ ਖੜ੍ਹੇ ਕਰਨ ਦੀਆਂ ਕਾਰਵਾਈਆਂ ਵੀ ਇਹੋ ਦਰਸਾਉਂਦੀਆਂ ਹਨ। ਇਹ ਮੁਲਕ ਅੰਦਰ ਬਚੀ-ਖੁਚੀ ਜਮਹੂਰੀ ਸਪੇਸ ਨੂੰ ਬਚਾਉਣ ਦੇ ਨਾਲ-ਨਾਲ ਲੋਕ ਏਕਤਾ ਦੇ ਜ਼ੋਰ ਨਵੀਂ ਜਮਹੂਰੀ ਸਪੇਸ ਦੀ ਸਿਰਜਣਾ ਦੀ ਲੜਾਈ ਹੈ। ਹਾਲਾਂਕਿ ਇਸ ਨੂੰ ਮਹਿਜ਼ ਗਿਆਨੇਸ਼ ਕੁਮਾਰ ਦੇ ਅਸਤੀਫ਼ੇ ਤੱਕ ਸੀਮਤ ਕਰਨ ਦੀ ਬਜਾਏ ਚੋਣ ਕਮਿਸ਼ਨਰ ਦੀ ਨਿਯੁਕਤੀ ਪ੍ਰਕਿਰਿਆ ਨੂੰ ਨਿਰਪੱਖ ਬਣਾਉਣ, ਚੋਣ ਕਮਿਸ਼ਨਰਾਂ ਨੂੰ ਦਿੱਤੀ ਕਾਨੂੰਨੀ ਛੋਟ ਰੱਦ ਕਰਾਉਣ, ਵਿਸ਼ੇਸ਼ ਸੁਧਾਈ ਮੁਹਿੰਮ ਰੱਦ ਕਰਵਾਉਣ, ਸਾਰੇ ਵੋਟਰਾਂ ਦੇ ਨਾਂਅ ਵੋਟਰ ਸੂਚੀ 'ਚ ਸ਼ਾਮਲ ਕਰਨ, ਵੋਟ ਦੇ ਹੱਕ ਨੂੰ ਬੁਨਿਆਦੀ ਅਧਿਕਾਰ ਵਜੋਂ ਸਵੀਕਾਰ ਕਰਨ ਅਤੇ ਵੋਟ ਸੂਚੀ ਨੂੰ ਨਾਗਰਿਕਤਾ ਅਤੇ ਭਲਾਈ ਸਕੀਮਾਂ ਦਾ ਆਧਾਰ ਨਾ ਬਣਾਏ ਜਾਣ ਵਰਗੀਆਂ ਮੰਗਾਂ ਤੱਕ ਵਧਾਉਣ ਦੀ ਲੋੜ ਹੈ।

# ਸੰਪਰਕ : 94632-18707, 94631-96341

**ਜਨਮ ਦਿਨ 'ਤੇ ਵਿਸ਼ੇਸ਼**

# ਸਿੱਖ ਇਤਿਹਾਸ ਦਾ ਮਹਾਂ-ਨਾਇਕ : ਬਾਬਾ ਬੰਦਾ ਸਿੰਘ ਬਹਾਦਰ

**ਪ੍ਰੋ. ਸਰਚਾਂਦ ਸਿੰਘ ਖਿਆਲਾ**

ਬਾਬਾ ਬੰਦਾ ਸਿੰਘ ਬਹਾਦਰ ਦਾ ਨਾਂਅ ਸਿੱਖ ਇਤਿਹਾਸ, ਭਾਰਤੀ ਇਤਿਹਾਸ ਅਤੇ ਮਨੁੱਖੀ ਮੁਕਤੀ ਦੇ ਸੰਘਰਸ਼ ਵਿੱਚ ਅਦੁੱਤੀ ਸਨਮਾਨ ਨਾਲ ਲਿਆ ਜਾਂਦਾ ਹੈ। ਉਹ ਕੇਵਲ ਇੱਕ ਮਹਾਨ ਯੋਧੇ ਹੀ ਨਹੀਂ ਸਨ, ਸਗੋਂ ਅਜਿਹੇ ਇਨਕਲਾਬੀ ਆਗੂ ਸਨ, ਜਿਨ੍ਹਾ ਨੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਮਿਸ਼ਨ ਨੂੰ ਅੱਗੇ ਵਧਾਉਂਦਿਆਂ ਜ਼ੁਲਮ, ਜਗੀਰਦਾਰੀ ਅਤੇ ਸਮਾਜਿਕ ਅਸਮਾਨਤਾ ਨੂੰ ਸਿੱਧੀ ਚੁਣੌਤੀ ਦਿੱਤੀ। ਉਨ੍ਹਾਂ ਨੇ ਜਾਤ-ਪਾਤ ਅਤੇ ਉੱਚ-ਨੀਚ ਦੇ ਭੇਦਭਾਵ ਨੂੰ ਰੱਦ ਕਰਦਿਆਂ ਸਮਾਜ ਦੇ ਹੇਠਲੇ ਸਮਝੇ ਜਾਂਦੇ ਵਰਗਾਂ ਨੂੰ ਵੀ ਇੱਜ਼ਤ, ਅਧਿਕਾਰ ਅਤੇ ਸੱਤਾ ਵਿੱਚ ਹਿੱਸੇਦਾਰੀ ਦਿੱਤੀ। ਉਨ੍ਹਾਂ ਦੀ ਸਭ ਤੋਂ ਵੱਡੀ ਦੇਣ ਸਮਾਜਿਕ ਕ੍ਰਾਂਤੀ ਸੀ। ਉਨ੍ਹਾਂ ਜਗੀਰਦਾਰੀ ਪ੍ਰਣਾਲੀ ਨੂੰ ਚੁਣੌਤੀ ਦਿੰਦਿਆਂ ਜ਼ਮੀਨਾਂ ਦਾ ਮਾਲਕਾਨਾ ਹੱਕ ਉਨ੍ਹਾਂ ਕਿਸਾਨਾਂ ਨੂੰ ਦਿਵਾਇਆ, ਜੋ ਪੀੜ੍ਹੀਆਂ ਤੋਂ ਉਨ੍ਹਾਂ ਜ਼ਮੀਨਾਂ 'ਤੇ ਮਿਹਨਤ ਕਰਦੇ ਅਤੇ ਹਲ ਵਾਹੁੰਦੇ ਆ ਰਹੇ ਸਨ। ਇਹ ਭਾਰਤੀ ਉਪ-ਮਹਾਂਦੀਪ ਦੇ ਇਤਿਹਾਸ ਵਿੱਚ ਪੱਛਮ ਤੋਂ ਵੀ ਪਹਿਲਾਂ ਦਾ ਇੱਕ ਵਿਲੱਖਣ ਅਤੇ ਕ੍ਰਾਂਤੀਕਾਰੀ ਕਦਮ ਸੀ। ਬਾਬਾ ਬੰਦਾ ਸਿੰਘ ਬਹਾਦਰ ਦਾ ਜਨਮ 27 ਅਕਤੂਬਰ 1670 ਨੂੰ ਰਾਜੌਰੀ, ਮੌਜੂਦਾ ਜੰਮੂ-ਕਸ਼ਮੀਰ ਵਿਖੇ ਇੱਕ ਰਾਜਪੂਤ ਕਿਸਾਨ ਪਰਵਾਰ ਵਿੱਚ ਹੋਇਆ ਮੰਨਿਆ ਜਾਂਦਾ ਹੈ। ਉਨ੍ਹਾ ਦਾ ਮੁੱਢਲਾ ਨਾਂਅ ਲਛਮਣ ਦਾਸ ਸੀ। ਸ਼ਿਕਾਰ ਦੌਰਾਨ ਵਾਪਰੀ ਇੱਕ ਘਟਨਾ ਨੇ ਉਨ੍ਹਾਂ ਦੇ ਮਨ 'ਤੇ ਡੂੰਘਾ ਪ੍ਰਭਾਵ ਪਾਇਆ ਅਤੇ ਉਹ ਸੰਸਾਰਕ ਜੀਵਨ ਤੋਂ ਵਿਰਕਤ ਹੋ ਗਏ। ਬਾਅਦ ਵਿੱਚ ਉਨ੍ਹਾ ਨੇ ਤਿਆਗੀ ਜੀਵਨ ਅਪਣਾਇਆ ਅਤੇ ਮਾਧੋ ਦਾਸ ਵਜੋਂ ਜਾਣੇ ਜਾਣ ਲੱਗੇ। ਉਹ ਦੱਖਣ ਦੇ ਨਾਸਿਕ ਵਿਖੇ ਇੱਕ ਜੋਗੀ ਦੇ ਚੇਲੇ ਬਣੇ ਅਤੇ ਗੋਦਾਵਰੀ ਨਦੀ ਦੇ ਕੰਢੇ ਨਾਂਦੇੜ ਵਿਖੇ ਆਪਣਾ ਡੇਰਾ ਸਥਾਪਤ ਕੀਤਾ।

ਸੰਨ 1708 ਵਿੱਚ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨਾਲ ਉਨ੍ਹਾ ਦਾ ਮਿਲਾਪ ਕੇਵਲ ਦੋ ਵਿਅਕਤੀਆਂ ਦੀ ਮੁਲਾਕਾਤ ਨਹੀਂ ਸੀ, ਸਗੋਂ ਇਤਿਹਾਸ ਦੀ ਦਿਸ਼ਾ ਬਦਲਣ ਵਾਲਾ ਮਹੱਤਵਪੂਰਨ ਪਲ ਸੀ। ਇਸ ਤੋਂ ਬਾਅਦ ਉਨ੍ਹਾ ਨੇ ਅੰਮ੍ਰਿਤ ਛਕਿਆ ਅਤੇ ਗੁਰਬਖ਼ਸ਼ ਸਿੰਘ ਨਾਂਅ ਧਾਰਨ ਕੀਤਾ, ਪਰ ਇਤਿਹਾਸ ਵਿੱਚ ਬੰਦਾ ਸਿੰਘ ਬਹਾਦਰ ਦੇ ਨਾਂਅ ਨਾਲ ਪ੍ਰਸਿੱਧ ਹੋਏ। ਗੁਰੂ ਸਾਹਿਬ ਨੇ ਉਨ੍ਹਾ ਨੂੰ ਮੁਗ਼ਲ ਸ਼ਾਸਨ ਦੇ ਅੱਤਿਆਚਾਰਾਂ ਵਿਰੁੱਧ ਸੰਘਰਸ਼ ਕਰਨ ਅਤੇ ਲੋਕਾਂ ਨੂੰ ਨਿਆਂ ਦਿਵਾਉਣ ਲਈ ਪੰਜਾਬ ਭੇਜਿਆ। ਇਸ ਮਿਸ਼ਨ ਲਈ ਉਨ੍ਹਾ ਨੂੰ ਪੰਜ ਤੀਰ, ਨਿਸ਼ਾਨ ਸਾਹਿਬ, ਨਗਾਰਾ ਅਤੇ ਸਿੱਖ ਸੰਗਤਾਂ ਨੂੰ ਉਨ੍ਹਾਂ ਦੀ ਅਗਵਾਈ ਹੇਠ ਇਕੱਠੇ ਹੋਣ ਦਾ ਸੰਦੇਸ਼ ਦੇਣ ਵਾਲੇ ਹੁਕਮਨਾਮੇ ਸੌਂਪੇ ਗਏ। ਬਾਬਾ ਬੰਦਾ ਸਿੰਘ ਬਹਾਦਰ ਦੀ ਮੁਗ਼ਲ ਸ਼ਾਸਨ ਵਿਰੁੱਧ ਲੜਾਈ ਅੱਜ ਦੇ ਪੰਜਾਬ, ਹਰਿਆਣਾ ਅਤੇ ਨੇੜਲੇ ਖੇਤਰਾਂ ਵਿੱਚ ਕੇਂਦਰਤ ਸੀ। ਉਨ੍ਹਾ ਨੇ ਸਮਾਣਾ, ਸਢੌਰਾ, ਕਪੂਰੀ, ਥਾਨੇਸਰ, ਕੁਰੂਕਸ਼ੇਤਰ ਅਤੇ ਸੋਨੀਪਤ ਵਰਗੇ ਖੇਤਰਾਂ ਨੂੰ ਮੁਗ਼ਲਾਂ ਤੋਂ ਆਜ਼ਾਦ ਕਰਵਾਇਆ। ਇਹੀ ਕਾਰਨ ਹੈ ਕਿ ਹਰਿਆਣਾ ਸਰਕਾਰ ਬੰਦਾ ਸਿੰਘ ਬਹਾਦਰ ਨੂੰ ਉਨ੍ਹਾਂ ਦੀ ਧਾਰਮਿਕ ਪਛਾਣ ਤੋਂ ਉੱਪਰ ਇੱਕ ਲੋਕ ਨਾਇਕ, ਸੰਯੁਕਤ ਸਭਿਆਚਾਰਕ ਪ੍ਰਤੀਕ ਅਤੇ ਰਾਸ਼ਟਰੀ ਨੇਤਾ ਵਜੋਂ ਦੇਖਦੀ ਹੈ। ਉਨ੍ਹਾਂ ਦੀਆਂ ਜਿੱਤਾਂ ਨੇ ਆਮ ਲੋਕਾਂ ਵਿੱਚ ਜ਼ੁਲਮ ਵਿਰੁੱਧ ਲੜਨ ਦਾ ਹੌਸਲਾ ਪੈਦਾ ਕੀਤਾ। ਇਸੇ ਲਈ ਉਹ ਵਿਆਪਕ ਭਾਰਤੀ ਇਤਿਹਾਸ ਵਿੱਚ ਵੀ ਜ਼ੁਲਮ ਵਿਰੁੱਧ ਸੰਘਰਸ਼ ਦੇ ਪ੍ਰਤੀਕ ਵਜੋਂ ਯਾਦ ਕੀਤੇ ਜਾਂਦੇ ਹਨ। ਸੰਨ 1710 ਵਿੱਚ ਉਨ੍ਹਾਂ ਨੇ ਛੋਟੇ ਸਾਹਿਬਜ਼ਾਦਿਆਂ ਬਾਬਾ ਜ਼ੋਰਾਵਰ ਸਿੰਘ ਅਤੇ ਬਾਬਾ ਫ਼ਤਿਹ ਸਿੰਘ ਨੂੰ ਸ਼ਹੀਦ ਕਰਵਾਉਣ ਵਾਲੇ ਸਰਹਿੰਦ ਦੇ ਸੂਬੇਦਾਰ ਵਜ਼ੀਰ ਖ਼ਾਨ ਨੂੰ ਚੱਪੜਚਿੜੀ ਦੇ ਮੈਦਾਨ ਵਿੱਚ ਹਰਾ ਕੇ ਸਿੱਖ ਇਤਿਹਾਸ ਦਾ ਇੱਕ ਨਵਾਂ ਅਧਿਆਇ ਲਿਖਿਆ। ਸਰਹਿੰਦ ਦੀ ਜਿੱਤ ਕੇਵਲ ਇੱਕ ਸੈਨਿਕ ਜਿੱਤ ਨਹੀਂ ਸੀ, ਸਗੋਂ ਨਿਆਂ ਦੀ ਜਿੱਤ ਸੀ। ਬਾਅਦ ਵਿੱਚ ਉਹ ਜਲਾਲਾਬਾਦ, ਜਲੰਧਰ ਅਤੇ ਹੁਸ਼ਿਆਰਪੁਰ ਹੀ ਨਹੀਂ, ਸਗੋਂ ਖ਼ਾਲਸਾਈ ਝੰਡਾ ਲਾਹੌਰ ਦੀਆਂ ਦੀਵਾਰਾਂ ਤੱਕ ਲਿਜਾਣ ਵਿੱਚ ਵੀ ਸਫਲ ਹੋਏ। ਲੰਮੇ ਸੰਘਰਸ਼ ਤੋਂ ਬਾਅਦ ਬਾਬਾ ਬੰਦਾ ਸਿੰਘ ਬਹਾਦਰ ਅਤੇ ਉਨ੍ਹਾਂ ਦੇ ਸਾਥੀ ਗੁਰਦਾਸ ਨੰਗਲ ਦੀ ਗੜ੍ਹੀ (ਜ਼ਿਲ੍ਹਾ ਗੁਰਦਾਸਪੁਰ) ਵਿੱਚ ਸ਼ਾਹੀ ਫ਼ੌਜਾਂ ਵੱਲੋਂ ਘੇਰ ਲਏ ਗਏ। ਲੰਮੀ



ਘੇਰਾਬੰਦੀ ਅਤੇ ਭਾਰੀ ਮੁਸ਼ਕਲਾਂ ਤੋਂ ਬਾਅਦ ਇੱਕ ਸਾਜ਼ਿਸ਼ ਤਹਿਤ ਬਾਬਾ ਜੀ ਨੂੰ ਗੜ੍ਹੀ ਵਿੱਚੋਂ ਬਾਹਰ ਕੱਢਿਆ ਗਿਆ। ਇਸ ਘਟਨਾ ਦੀ ਤੁਲਨਾ ਅਨੰਦਪੁਰ ਸਾਹਿਬ ਦਾ ਕਿਲ੍ਹਾ ਛੱਡਣ ਤੋਂ ਬਾਅਦ ਸ੍ਰੀ ਗੁਰੂ ਗੋਬਿੰਦ ਸਿੰਘ ਜੀ 'ਤੇ ਹੋਏ ਹਮਲਿਆਂ ਨਾਲ ਕੀਤੀ ਜਾਂਦੀ ਹੈ। ਬਾਬਾ ਬੰਦਾ ਸਿੰਘ ਬਹਾਦਰ ਅਤੇ ਉਨ੍ਹਾਂ ਦੇ ਸੈਂਕੜੇ ਸਾਥੀਆਂ ਨੂੰ ਗ੍ਰਿਫ਼ਤਾਰ ਕਰਕੇ ਦਿੱਲੀ ਲਿਜਾਇਆ ਗਿਆ। ਇਸ ਕਾਫ਼ਲੇ ਵਿੱਚ ਵੱਖ-ਵੱਖ ਥਾਵਾਂ ਤੋਂ ਗ੍ਰਿਫ਼ਤਾਰ ਕੀਤੇ ਹੋਰ ਸਿੱਖ ਵੀ ਸ਼ਾਮਲ ਸਨ।

ਸੰਨ 1716 ਵਿੱਚ ਦਿੱਲੀ ਦੀ ਧਰਤੀ 'ਤੇ ਸਿੱਖਾਂ ਦੀ ਸ਼ਹਾਦਤ ਦਾ ਇੱਕ ਅਜਿਹਾ ਖ਼ੂਨੀ ਅਧਿਆਇ ਲਿਖਿਆ ਗਿਆ, ਜਿਸ ਦੀ ਕਲਪਨਾ ਮਾਤਰ ਨਾਲ ਹਿਰਦਾ ਕੰਬ ਉੱਠਦਾ ਹੈ। ਬਾਬਾ ਬੰਦਾ ਸਿੰਘ ਬਹਾਦਰ ਨੂੰ ਸ਼ਹੀਦ ਕਰਨ ਤੋਂ ਪਹਿਲਾਂ ਪੁਰਾਣੀ ਦਿੱਲੀ ਵਿਚ ਕੋਤਵਾਲੀ ਚੌਕ ਅਤੇ ਮਹਿਰੌਲੀ ਖੇਤਰ ਨਾਲ ਜੁੜੀਆਂ ਥਾਵਾਂ 'ਤੇ ਉਨ੍ਹਾਂ ਦੇ ਗ੍ਰਿਫ਼ਤਾਰ ਸਾਥੀ ਸਿੰਘਾਂ ਵਿੱਚੋਂ ਰੋਜ਼ਾਨਾ ਸੌ-ਸੌ ਸਿੰਘਾਂ ਨੂੰ ਕਈ ਦਿਨਾਂ ਤੱਕ ਜਨਤਕ ਤੌਰ 'ਤੇ ਕਤਲ ਕੀਤਾ ਗਿਆ। ਫਿਰ ਉਨ੍ਹਾਂ ਦੇ ਸਿਰ ਕੱਟ ਕੇ ਸੜਕਾਂ ਦੇ ਮੋੜਾਂ 'ਤੇ ਟੰਗੇ ਗਏ। ਮੁਗ਼ਲ ਹਕੂਮਤ ਦਾ ਮਕਸਦ ਦਹਿਸ਼ਤ ਫੈਲਾਉਣਾ ਅਤੇ ਲੋਕਾਂ ਨੂੰ ਇਹ ਚੇਤਾਵਨੀ ਦੇਣਾ ਸੀ ਕਿ ਸਾਮਰਾਜ ਵਿਰੁੱਧ ਖੜ੍ਹੇ ਹੋਣ ਵਾਲਿਆਂ ਦਾ ਅੰਜਾਮ ਕੀ ਹੋਵੇਗਾ, ਪਰ ਇਹ ਦਹਿਸ਼ਤ ਸਿੱਖਾਂ ਦੇ ਸਿਦਕ ਨੂੰ ਨਾ ਡੁਲਾ ਸਕੀ। ਇੱਕ-ਇੱਕ ਕਰਕੇ ਸਿੰਘ ਸ਼ਹਾਦਤ ਦਾ ਜਾਮ ਪੀਂਦੇ ਗਏ, ਪਰ ਕਿਸੇ ਨੇ ਈਨ ਨਾ ਮੰਨੀ। ਨਾ ਜ਼ੁਲਮ ਉਨ੍ਹਾਂ ਦੇ ਵਿਸ਼ਵਾਸ ਨੂੰ ਖ਼ਰੀਦ ਸਕਿਆ ਅਤੇ ਨਾ ਹੀ ਮੌਤ ਦਾ ਡਰ ਉਨ੍ਹਾਂ ਨੂੰ ਝੁਕਾ ਸਕਿਆ। ਇਸ ਦਰਦਨਾਕ ਗਾਥਾ ਦਾ ਸਭ ਤੋਂ ਵੱਧ ਹਿਰਦੇਵੇਧਕ ਅਤੇ ਵੈਰਾਗਮਈ ਪੱਖ ਬਾਬਾ ਬੰਦਾ ਸਿੰਘ ਬਹਾਦਰ ਦੇ ਮਾਸੂਮ ਪੁੱਤਰ ਬਾਬਾ ਅਜੈ ਸਿੰਘ ਦੀ ਕੁਰਬਾਨੀ ਹੈ। ਮੁਗ਼ਲ ਹਾਕਮਾਂ ਨੇ ਬਾਬਾ ਜੀ ਦੇ ਅਡੋਲ ਸਿਦਕ ਨੂੰ ਤੋੜਨ ਲਈ ਉਨ੍ਹਾ ਦੇ ਮਾਸੂਮ ਪੁੱਤਰ ਨੂੰ ਪਿਤਾ ਦੇ ਸਾਹਮਣੇ ਸ਼ਹੀਦ ਕਰ ਦਿੱਤਾ। ਉਪਰੰਤ ਬਾਲਕ ਦਾ ਦਿਲ ਕੱਢ ਕੇ ਬਾਬਾ ਬੰਦਾ ਸਿੰਘ ਬਹਾਦਰ ਦੇ ਮੂੰਹ ਵਿੱਚ ਤੁੰਨਿਆ ਗਿਆ। ਇਹ ਬੇਰਹਿਮੀ ਮਨੁੱਖਤਾ ਦੇ ਇਤਿਹਾਸ ਦਾ ਅਤਿ ਦਰਦਨਾਕ ਅਧਿਆਇ ਹੈ।

ਇੱਕ ਪਿਤਾ ਦੇ ਸਾਹਮਣੇ ਉਸ ਦੇ ਨਿੱਕੇ ਜਿਹੇ ਲਾਡਲੇ ਪੁੱਤਰ ਨੂੰ ਕਤਲ ਕਰ ਦੇਣਾ ਅਤੇ ਉਸ ਦਾ ਦਿਲ ਕੱਢ ਕੇ ਮੂੰਹ ਵਿੱਚ ਪਾ ਦੇਣਾ, ਇਸ ਤੋਂ ਵੱਡੀ ਮਾਨਸਿਕ ਪੀੜ ਦੀ ਕਲਪਨਾ ਕਰਨੀ ਵੀ ਔਖੀ ਹੈ। ਪਰ ਬਾਬਾ ਬੰਦਾ ਸਿੰਘ ਬਹਾਦਰ ਨੇ ਆਪਣੇ ਪੁੱਤਰ ਦੀ ਸ਼ਹਾਦਤ ਅਤੇ ਅੰਤਾਂ ਦੇ ਤਸੀਹਿਆਂ ਦੇ ਬਾਵਜੂਦ ਸਿਦਕ ਨਹੀਂ ਛੱਡਿਆ। ਉਨ੍ਹਾਂ ਦੀ ਚੁੱਪ ਵਿੱਚ ਇੱਕ ਪਿਤਾ ਦਾ ਅਥਾਹ ਦਰਦ ਵੀ ਸੀ ਅਤੇ ਗੁਰੂ-ਭਾਣੇ ਵਿੱਚ ਅਟੱਲ ਭਰੋਸਾ ਵੀ। ਉਨ੍ਹਾਂ ਦੀ ਅਡੋਲਤਾ ਨੇ ਜ਼ਾਲਮਾਂ ਦੀ ਤਾਕਤ ਨੂੰ ਨੈਤਿਕ ਤੌਰ 'ਤੇ ਬੌਣਾ ਕਰ ਦਿੱਤਾ। ਉਹ ਆਪਣੇ ਸਰੀਰ 'ਤੇ ਹੋ ਰਹੇ ਜ਼ੁਲਮ ਨੂੰ ਸਹਿੰਦੇ ਰਹੇ, ਪਰ ਆਪਣੇ ਵਿਸ਼ਵਾਸ ਅਤੇ ਅਸੂਲਾਂ ਤੋਂ ਇੱਕ ਕਦਮ ਵੀ ਪਿੱਛੇ ਨਾ ਹਟੇ। ਅੰਤ ਵਿੱਚ, ਜੂਨ 1716 ਵਿੱਚ ਬਾਬਾ ਬੰਦਾ ਸਿੰਘ ਬਹਾਦਰ ਨੇ ਅੰਤਾਂ ਦੇ ਤਸੀਹੇ ਸਹਿੰਦਿਆਂ ਅਦੁੱਤੀ ਸ਼ਹਾਦਤ ਪ੍ਰਾਪਤ ਕੀਤੀ ਅਤੇ ਸਿੱਖ ਇਤਿਹਾਸ ਵਿੱਚ ਸਿਦਕ, ਸੂਰਮਗਤੀ ਤੇ ਕੁਰਬਾਨੀ ਦਾ ਅਮਿੱਟ ਅਧਿਆਇ ਲਿਖ ਦਿੱਤਾ।

# ਸੰਪਰਕ : 97813-55522

# ਏਸ਼ੀਅਨ ਚੈਂਪੀਅਨਜ਼ ਟਰਾਫੀ : ਪੰਜਾਬ ਦੀ ਹਾਕੀ ਨੂੰ ਮਿਲੇਗਾ ਕੌਮਾਂਤਰੀ ਮੰਚ

ਭਾਰਤ ਦੇ ਖੇਡ ਇਤਿਹਾਸ ਵਿੱਚ ਹਾਕੀ ਦਾ ਵਿਸ਼ੇਸ਼ ਸਥਾਨ ਹੈ ਅਤੇ ਪੰਜਾਬ ਨੇ ਇਸ ਖੇਡ ਨੂੰ ਕੌਮਾਂਤਰੀ ਪੱਧਰ ਦੇ ਖਿਡਾਰੀ ਦੇਣ ਵਿੱਚ ਅਹਿਮ ਭੂਮਿਕਾ ਨਿਭਾਈ ਹੈ। ਹੁਣ ਪੰਜਾਬ ਦੇ ਖੇਡ ਇਤਿਹਾਸ ਵਿੱਚ ਇੱਕ ਹੋਰ ਮਹੱਤਵਪੂਰਨ ਅਧਿਆਇ ਜੁੜਨ ਜਾ ਰਿਹਾ ਹੈ। 27 ਅਕਤੂਬਰ ਤੋਂ 5 ਨਵੰਬਰ 2026 ਤੱਕ ਹੀਰੋ ਏਸ਼ੀਅਨ ਚੈਂਪੀਅਨਜ਼ ਟਰਾਫੀ ਪੰਜਾਬ-2026 ਕਰਵਾਈ ਜਾ ਰਹੀ ਹੈ। ਇਸ ਟੂਰਨਾਮੈਂਟ ਦੇ ਲੀਗ ਗੇੜ ਦੇ ਮੁਕਾਬਲੇ ਜਲੰਧਰ ਦੇ ਓਲੰਪੀਅਨ ਸੁਰਜੀਤ ਸਿੰਘ ਹਾਕੀ ਸਟੇਡੀਅਮ ਵਿੱਚ 27 ਅਕਤੂਬਰ ਤੋਂ 2 ਨਵੰਬਰ ਤੱਕ ਹੋਣਗੇ, ਜਦਕਿ ਸੈਮੀਫਾਈਨਲ ਅਤੇ ਤਗ਼ਮਿਆਂ ਵਾਲੇ ਮੁਕਾਬਲੇ ਮੋਹਾਲੀ ਵਿੱਚ ਹੋਣਗੇ।



ਮਦਨ ਬੰਗੜ

ਏਸ਼ੀਅਨ ਹਾਕੀ ਫੈਡਰੇਸ਼ਨ ਅਤੇ ਹਾਕੀ ਇੰਡੀਆ ਵੱਲੋਂ ਜਾਰੀ ਪ੍ਰੋਗਰਾਮ ਅਨੁਸਾਰ ਟੂਰਨਾਮੈਂਟ ਵਿੱਚ ਛੇ ਦੇਸ਼ਾਂ ਦੀਆਂ ਟੀਮਾਂ ਭਾਗ ਲੈ ਰਹੀਆਂ ਹਨ। ਇਨ੍ਹਾਂ ਵਿੱਚ ਭਾਰਤ, ਬੰਗਲਾਦੇਸ਼, ਚੀਨ, ਜਪਾਨ, ਦੱਖਣੀ ਕੋਰੀਆ ਅਤੇ ਮਲੇਸ਼ੀਆ ਸ਼ਾਮਲ ਹਨ।

ਇਹ ਪੁਰਸ਼ਾਂ ਦਾ ਕੌਮਾਂਤਰੀ ਹਾਕੀ ਟੂਰਨਾਮੈਂਟ ਹੈ। ਛੇ ਦੇਸ਼ਾਂ ਦੀਆਂ ਟੀਮਾਂ ਲੀਗ ਗੇੜ ਵਿੱਚ ਇੱਕ-ਦੂਜੇ ਨਾਲ ਖੇਡਣਗੀਆਂ। ਹਰ ਟੀਮ ਪੰਜ ਮੈਚ ਖੇਡੇਗੀ ਅਤੇ ਅੰਕ-ਸੂਚੀ ਵਿੱਚ ਪਹਿਲੇ ਚਾਰ ਸਥਾਨਾਂ 'ਤੇ ਰਹਿਣ ਵਾਲੀਆਂ ਟੀਮਾਂ ਸੈਮੀਫਾਈਨਲ ਵਿੱਚ ਪਹੁੰਚਣਗੀਆਂ।

ਟੂਰਨਾਮੈਂਟ ਦਾ ਉਦਘਾਟਨ 27 ਅਕਤੂਬਰ ਨੂੰ ਜਲੰਧਰ ਵਿੱਚ ਹੋਣਾ ਹੈ। ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਵੱਲੋਂ ਉਦਘਾਟਨ ਕੀਤੇ ਜਾਣ ਦੀ ਜਾਣਕਾਰੀ ਪ੍ਰਕਾਸ਼ਤ ਹੋਈ ਹੈ।

ਪਹਿਲੇ ਦਿਨ ਤਿੰਨ ਮੈਚ ਹੋਣਗੇ। ਉਪਲਬਧ ਮੈਚ-ਸੂਚੀ ਅਨੁਸਾਰ ਪਹਿਲਾ ਮੁਕਾਬਲਾ ਦੁਪਹਿਰ 1 ਵਜੇ ਮਲੇਸ਼ੀਆ ਅਤੇ ਚੀਨ ਵਿਚਾਲੇ ਹੋਵੇਗਾ। ਦੂਜਾ ਮੈਚ ਦੁਪਹਿਰ 3 ਵੱਜ ਕੇ 15 ਮਿੰਟ 'ਤੇ ਜਪਾਨ ਅਤੇ ਦੱਖਣੀ ਕੋਰੀਆ ਵਿਚਾਲੇ ਹੋਵੇਗਾ। ਭਾਰਤੀ ਟੀਮ ਆਪਣੀ ਮੁਹਿੰਮ ਦੀ ਸ਼ੁਰੂਆਤ ਸ਼ਾਮ 7 ਵਜੇ ਬੰਗਲਾਦੇਸ਼ ਵਿਰੁੱਧ ਕਰੇਗੀ।

ਜਲੰਧਰ ਵਿੱਚ ਹੋਣ ਵਾਲੇ ਸਾਰੇ ਲੀਗ ਮੈਚਾਂ ਦਾ ਪ੍ਰੋਗਰਾਮ ਸਾਰੇ ਸਮੇਂ ਭਾਰਤੀ ਮਿਆਰੀ ਸਮੇਂ ਅਨੁਸਾਰ ਹਨ। ਮੁਕਾਬਲਿਆਂ ਦਾ ਸਥਾਨ ਓਲੰਪੀਅਨ ਸੁਰਜੀਤ ਸਿੰਘ ਹਾਕੀ ਸਟੇਡੀਅਮ, ਬਰਲਟਨ ਪਾਰਕ, ਜਲੰਧਰ ਹੈ।

27 ਅਕਤੂਬਰ, ਮੰਗਲਵਾਰ
- ਦੁਪਹਿਰ 1:00 ਵਜੇ: ਮਲੇਸ਼ੀਆ ਬਨਾਮ ਚੀਨ
- ਦੁਪਹਿਰ 3:15 ਵਜੇ: ਜਪਾਨ ਬਨਾਮ ਦੱਖਣੀ ਕੋਰੀਆ
- ਸ਼ਾਮ 7:00 ਵਜੇ: ਭਾਰਤ ਬਨਾਮ ਬੰਗਲਾਦੇਸ਼

29 ਅਕਤੂਬਰ, ਵੀਰਵਾਰ
- ਦੁਪਹਿਰ 2:30 ਵਜੇ: ਮਲੇਸ਼ੀਆ ਬਨਾਮ ਦੱਖਣੀ ਕੋਰੀਆ
- ਸ਼ਾਮ 4:45 ਵਜੇ: ਬੰਗਲਾਦੇਸ਼ ਬਨਾਮ ਜਪਾਨ
- ਸ਼ਾਮ 7:00 ਵਜੇ: ਭਾਰਤ ਬਨਾਮ ਚੀਨ

30 ਅਕਤੂਬਰ, ਸ਼ੁੱਕਰਵਾਰ
- ਦੁਪਹਿਰ 2:30 ਵਜੇ: ਬੰਗਲਾਦੇਸ਼ ਬਨਾਮ ਮਲੇਸ਼ੀਆ
- ਸ਼ਾਮ 4:45 ਵਜੇ: ਦੱਖਣੀ ਕੋਰੀਆ ਬਨਾਮ ਚੀਨ
- ਸ਼ਾਮ 7:00 ਵਜੇ: ਜਪਾਨ ਬਨਾਮ ਭਾਰਤ

1 ਨਵੰਬਰ, ਐਤਵਾਰ
- ਦੁਪਹਿਰ 2:30 ਵਜੇ: ਦੱਖਣੀ ਕੋਰੀਆ ਬਨਾਮ ਬੰਗਲਾਦੇਸ਼
- ਸ਼ਾਮ 4:45 ਵਜੇ: ਚੀਨ ਬਨਾਮ ਜਪਾਨ
- ਸ਼ਾਮ 7:00 ਵਜੇ: ਮਲੇਸ਼ੀਆ ਬਨਾਮ ਭਾਰਤ

2 ਨਵੰਬਰ, ਸੋਮਵਾਰ
- ਦੁਪਹਿਰ 2:30 ਵਜੇ: ਚੀਨ ਬਨਾਮ ਬੰਗਲਾਦੇਸ਼
- ਸ਼ਾਮ 4:45 ਵਜੇ: ਜਪਾਨ ਬਨਾਮ ਮਲੇਸ਼ੀਆ
- ਸ਼ਾਮ 7:00 ਵਜੇ: ਭਾਰਤ ਬਨਾਮ ਦੱਖਣੀ ਕੋਰੀਆ

ਸੈਮੀਫਾਈਨਲ ਅਤੇ ਫਾਈਨਲ

ਉਪਲਬਧ ਪ੍ਰੋਗਰਾਮ ਅਨੁਸਾਰ ਸੈਮੀਫਾਈਨਲ ਅਤੇ ਤਗ਼ਮਿਆਂ ਦੇ ਮੁਕਾਬਲੇ ਮੋਹਾਲੀ ਵਿੱਚ ਹੋਣੇ ਹਨ।

4 ਨਵੰਬਰ, ਬੁੱਧਵਾਰ
- ਦੁਪਹਿਰ 2:00 ਵਜੇ: ਸੈਮੀਫਾਈਨਲ 1
- ਸ਼ਾਮ 4:30 ਵਜੇ: ਸੈਮੀਫਾਈਨਲ 2
- ਸ਼ਾਮ 7:00 ਵਜੇ: ਇੱਕ ਹੋਰ ਮੁਕਾਬਲਾ ਸੂਚੀਬੱਧ ਹੈ, ਜਿਸ ਦੀ ਕਿਸਮ ਅਤੇ ਟੀਮਾਂ ਦੀ ਪੁਸ਼ਟੀ ਲੋੜੀਂਦੀ ਹੈ।

5 ਨਵੰਬਰ, ਵੀਰਵਾਰ
- ਸ਼ਾਮ 4:30 ਵਜੇ: ਕਾਂਸੀ ਦੇ ਤਗ਼ਮੇ ਲਈ ਮੁਕਾਬਲਾ
- ਸ਼ਾਮ 7:00 ਵਜੇ: ਫਾਈਨਲ, ਸੋਨ ਤਗ਼ਮੇ ਲਈ।

ਹਾਕੀ ਦੁਨੀਆ ਦੀਆਂ ਪੁਰਾਣੀਆਂ ਖੇਡਾਂ ਵਿੱਚੋਂ ਇੱਕ ਹੈ, ਪਰ ਅੱਜ ਜਿਸ ਰੂਪ ਵਿੱਚ ਮੈਦਾਨੀ ਹਾਕੀ ਖੇਡੀ ਜਾਂਦੀ ਹੈ, ਉਸ ਦੇ ਆਧੁਨਿਕ ਨਿਯਮ ਉਨੀਵੀਂ ਸਦੀ ਦੇ ਬ੍ਰਿਟੇਨ ਵਿੱਚ ਵਿਕਸਤ ਹੋਏ। 1876 ਵਿੱਚ ਆਧੁਨਿਕ ਹਾਕੀ ਦੇ ਨਿਯਮ ਤਿਆਰ ਕਰਨ ਦੀ ਪ੍ਰਕਿਰਿਆ ਅੱਗੇ ਵਧੀ। ਇਸ ਤੋਂ ਪਹਿਲਾਂ ਵੀ ਵੱਖ-ਵੱਖ ਸਭਿਆਚਾਰਾਂ ਵਿੱਚ ਡੰਡੇ ਨਾਲ ਗੇਂਦ ਖੇਡਣ ਵਰਗੀਆਂ ਖੇਡਾਂ ਦੇ ਇਤਿਹਾਸਕ ਹਵਾਲੇ ਮਿਲਦੇ ਹਨ।

ਬ੍ਰਿਟਿਸ਼ ਫ਼ੌਜੀ ਰੈਜੀਮੈਂਟਾਂ ਰਾਹੀਂ ਹਾਕੀ ਭਾਰਤ ਵਿੱਚ ਪਹੁੰਚੀ। ਭਾਰਤ ਦਾ ਪਹਿਲਾ ਹਾਕੀ ਕਲੱਬ 1885-86 ਦੌਰਾਨ ਕਲਕੱਤਾ ਵਿੱਚ ਸਥਾਪਤ ਹੋਣ ਦਾ ਜ਼ਿਕਰ ਮਿਲਦਾ ਹੈ। ਇਸ ਤੋਂ ਬਾਅਦ ਬੰਬਈ ਅਤੇ ਪੰਜਾਬ ਵਿੱਚ ਵੀ ਇਸ ਖੇਡ ਦਾ ਪ੍ਰਸਾਰ ਹੋਇਆ। ਹੌਲੀ-ਹੌਲੀ ਹਾਕੀ ਫ਼ੌਜੀ ਖੇਡ ਤੱਕ ਸੀਮਤ ਨਾ ਰਹਿ ਕੇ ਸਥਾਨਕ ਨੌਜਵਾਨਾਂ ਅਤੇ ਖੇਡ ਕਲੱਬਾਂ ਵਿੱਚ ਪ੍ਰਸਿੱਧ ਹੋਣ ਲੱਗੀ।

1908 ਦੀਆਂ ਲੰਡਨ ਓਲੰਪਿਕ ਖੇਡਾਂ ਵਿੱਚ ਹਾਕੀ ਪਹਿਲੀ ਵਾਰ ਸ਼ਾਮਲ ਹੋਈ। ਭਾਰਤ ਨੇ 1928 ਦੀਆਂ ਐਮਸਟਰਡਮ ਓਲੰਪਿਕ ਖੇਡਾਂ ਵਿੱਚ ਪਹਿਲੀ ਵਾਰ ਹਿੱਸਾ ਲਿਆ ਅਤੇ ਸੋਨ ਤਗ਼ਮਾ ਜਿੱਤਿਆ। ਇਸ ਜਿੱਤ ਨਾਲ ਭਾਰਤੀ ਹਾਕੀ ਦੀ ਕੌਮਾਂਤਰੀ ਪੱਧਰ 'ਤੇ ਸ਼ਾਨਦਾਰ ਪਛਾਣ ਬਣੀ।

1928 ਤੋਂ 1956 ਤੱਕ ਭਾਰਤੀ ਪੁਰਸ਼ ਹਾਕੀ ਟੀਮ ਨੇ ਲਗਾਤਾਰ ਛੇ ਓਲੰਪਿਕ ਸੋਨ ਤਗ਼ਮੇ ਜਿੱਤੇ। ਇਹ ਉਹ ਦੌਰ ਸੀ, ਜਦੋਂ ਭਾਰਤੀ ਖਿਡਾਰੀਆਂ ਦੀ ਤੇਜ਼ੀ, ਗੇਂਦ ਉੱਤੇ ਕਾਬੂ, ਟੀਮ-ਤਾਲਮੇਲ ਅਤੇ ਗੋਲ ਕਰਨ ਦੀ ਕਲਾ ਦੀ ਦੁਨੀਆ ਭਰ ਵਿੱਚ ਚਰਚਾ ਹੁੰਦੀ ਸੀ। ਮੇਜਰ ਧਿਆਨ ਚੰਦ ਇਸ ਦੌਰ ਦੇ ਸਭ ਤੋਂ ਪ੍ਰਸਿੱਧ ਖਿਡਾਰੀਆਂ ਵਿੱਚੋਂ ਸਨ।

(● ਬਾਕੀ ਸਫ਼ਾ 9 'ਤੇ)

# ਜਲਾਨ ਸਹਿਕਾਰੀ ਸਭਾ ਦੀਆਂ ਚੋਣਾਂ ਨੂੰ ਲੈ ਕੇ ਵਿਵਾਦ, ਪਿੰਡ ਵਾਸੀਆਂ ਤੇ ਕਿਸਾਨ ਆਗੂਆਂ ਵੱਲੋਂ ਨਾਅਰੇਬਾਜ਼ੀ



**ਭਵਾਨੀਗੜ੍ਹ (ਰਾਜ ਖੁਰਮੀ)**

ਫੋਕਲ ਪੁਆਇੰਟ ਗਹਿਲਾਂ ਅਧੀਨ ਆਉਂਦੀ ਜਲਾਨ ਕੋਆਪਰੇਟਿਵ ਸੁਸਾਇਟੀ ਲਿਮ: ਦੀਆਂ ਚੋਣਾਂ ਨੂੰ ਲੈ ਕੇ ਵਿਵਾਦ ਖੜਾ ਹੋ ਗਿਆ ਹੈ।ਸਭਾ ਦੀ ਕਮੇਟੀ ਦੀ ਮਿਆਦ 3 ਅਕਤੂਬਰ ਨੂੰ ਖ਼ਤਮ ਹੋਣ ਤੋਂ ਬਾਅਦ ਚੋਣ ਪ੍ਰਕਿਰਿਆ ਨੂੰ ਲੈ ਕੇ ਸਾਬਕਾ ਕਮੇਟੀ ਮੈਂਬਰਾਂ, ਪਿੰਡ ਵਾਸੀਆਂ ਤੇ ਭਾਰਤੀ ਕਿਸਾਨ ਯੂਨੀਅਨ ਏਕਤਾ ਉਗਰਾਹਾਂ ਦੇ ਆਗੂਆਂ ਵੱਲੋਂ ਸਭਾ ਦੇ ਸਾਹਮਣੇ ਨਾਅਰੇਬਾਜ਼ੀ ਕਰਦਿਆਂ ਆਪਣਾ ਰੋਸ ਪ੍ਰਗਟਾਇਆ ਗਿਆ।

ਪ੍ਰਦਰਸ਼ਨਕਾਰੀਆਂ ਨੇ ਚੋਣਾਂ ਦੇ ਸਮੇਂ ਅਤੇ ਇਸ ਸਬੰਧੀ ਅਪਣਾਈ ਜਾ ਰਹੀ ਪ੍ਰਕਿਰਿਆ 'ਤੇ ਸਵਾਲ ਚੁੱਕੇ।ਇਸ ਸਬੰਧੀ ਜਾਣਕਾਰੀ ਦਿੰਦਿਆਂ ਪਿੰਡ ਜਲਾਨ ਦੇ ਸਾਬਕਾ ਸਰਪੰਚ ਹਰਜਿੰਦਰ ਸਿੰਘ ਜਲਾਣ ਨੇ ਦੱਸਿਆ ਕਿ ਸਭਾ ਦੀ ਮਿਆਦ ਖ਼ਤਮ ਹੋ ਚੁੱਕੀ ਹੈ ਅਤੇ ਇਸ ਤੋਂ ਬਾਅਦ ਚੋਣਾਂ ਨੂੰ ਲੈ ਕੇ ਪਿੰਡ ਵਾਸੀਆਂ ਵਿੱਚ ਰੋਸ ਪਾਇਆ ਜਾ ਰਿਹਾ ਹੈ।ਉਨ੍ਹਾਂ ਦੋਸ਼ ਲਾਇਆ ਕਿ ਚੋਣਾਂ ਝੋਨੇ ਦੇ ਸੀਜ਼ਨ ਦੌਰਾਨ ਰੱਖੀਆਂ ਗਈਆਂ ਹਨ, ਜਿਸ ਕਾਰਨ ਕਿਸਾਨਾਂ ਨੂੰ ਮੁਸ਼ਕਲਾਂ ਦਾ ਸਾਹਮਣਾ ਕਰਨਾ ਪੈ ਸਕਦਾ ਹੈ।ਉਨ੍ਹਾਂ ਇਹ ਵੀ ਕਿਹਾ ਕਿ ਉਨ੍ਹਾਂ ਅਨੁਸਾਰ ਚੋਣਾਂ ਲਈ 45 ਦਿਨਾਂ ਦਾ ਸਮਾਂ ਪੂਰਾ ਨਹੀਂ ਦਿੱਤਾ ਗਿਆ ਤੇ ਸਾਬਕਾ ਕਮੇਟੀ ਵੱਲੋਂ ਵੀ ਇਸ ਸਬੰਧੀ ਵਿਭਾਗ ਨੂੰ ਕੋਈ ਲਿਖਤੀ ਜਾਣਕਾਰੀ ਨਹੀਂ ਦਿੱਤੀ ਗਈ।ਉਨ੍ਹਾਂ ਦੱਸਿਆ ਕਿ ਸਭਾ ਦਾ ਵਾਧੂ ਚਾਰਜ ਸਕੱਤਰ ਜਸਕਰਨ ਸਿੰਘ ਕੋਲ ਹੈ।ਇਸ ਮਾਮਲੇ ਨੂੰ ਲੈ ਕੇ ਸਾਬਕਾ ਕਮੇਟੀ ਮੈਂਬਰਾਂ, ਕਿਸਾਨ ਆਗੂਆਂ ਅਤੇ ਪਿੰਡ ਵਾਸੀਆਂ ਨੇ ਸਭਾ ਦੇ ਸਾਹਮਣੇ ਇਕੱਠੇ ਹੋ ਕੇ ਨਾਅਰੇਬਾਜ਼ੀ ਕੀਤੀ ਤੇ ਚੋਣ ਪ੍ਰਕਿਰਿਆ ਬਾਰੇ ਆਪਣਾ ਇਤਰਾਜ਼ ਜ਼ਾਹਰ ਕੀਤਾ।

ਉਧਰ ਦੂਜੇ ਪਾਸੇ ਜਦੋਂ ਫੋਕਲ ਪੁਆਇੰਟ ਗਹਿਲਾਂ ਦੇ ਇੰਸਪੈਕਟਰ ਰੁਪਿੰਦਰ ਸਿੰਘ ਰੂਪੀ ਨਾਲ ਗੱਲਬਾਤ ਕੀਤੀ ਗਈ ਤਾਂ ਉਨ੍ਹਾਂ ਕਿਹਾ ਕਿ ਪੰਜਾਬ ਗੌਰਮਿੰਟ ਸੁਸਾਇਟੀ ਐਕਟ ਅਧੀਨ 45 ਦਿਨਾਂ ਦਾ ਨਹੀਂ, ਸਗੋਂ 15 ਦਿਨਾਂ ਦਾ ਸਮਾਂ ਹੁੰਦਾ ਹੈ।ਉਨ੍ਹਾਂ ਦੱਸਿਆ ਕਿ ਜਲਾਨ ਸਹਿਕਾਰੀ ਸਭਾ ਦੇ ਸਕੱਤਰ ਜਸਕਰਨ ਸਿੰਘ ਹਨ ਤੇ ਇਸ ਮਾਮਲੇ ਸਬੰਧੀ ਉਨ੍ਹਾਂ ਨਾਲ ਵੀ ਗੱਲਬਾਤ ਕੀਤੀ ਜਾ ਸਕਦੀ ਹੈ।ਇੰਸਪੈਕਟਰ ਨੇ ਕਿਹਾ ਕਿ ਚੋਣਾਂ ਸਬੰਧੀ ਸਕੱਤਰ ਵੱਲੋਂ ਪਿੰਡਾਂ ਦੇ ਗੁਰਦੁਆਰਿਆਂ ਵਿੱਚ ਅਨਾਊਂਸਮੈਂਟਾਂ ਵੀ ਕਰਾਈਆਂ ਗਈਆਂ ਹਨ।ਉਨ੍ਹਾਂ ਦੇ ਦਾਅਵੇ ਅਨੁਸਾਰ ਲਗਭਗ 90 ਫ਼ੀਸਦੀ ਲੋਕਾਂ ਨੂੰ ਚੋਣਾਂ ਬਾਰੇ ਜਾਣਕਾਰੀ ਹੈ। ਹਾਲਾਂਕਿ, ਸਭਾ ਦੇ ਸਾਹਮਣੇ ਪਿੰਡ ਵਾਸੀਆਂ ਅਤੇ ਕਿਸਾਨ ਆਗੂਆਂ ਵੱਲੋਂ ਕੀਤੀ ਗਈ ਨਾਅਰੇਬਾਜ਼ੀ ਬਾਰੇ ਉਨ੍ਹਾਂ ਕਿਹਾ ਕਿ ਇਸ ਦੀ ਜਾਣਕਾਰੀ ਉਨ੍ਹਾਂ ਦੇ ਧਿਆਨ ਵਿੱਚ ਨਹੀਂ ਹੈ।

ਸਕੱਤਰ ਜਸਕਰਨ ਸਿੰਘ ਨਾਲ ਸੰਪਰਕ ਸਬੰਧੀ ਪੁੱਛੇ ਜਾਣ 'ਤੇ ਇੰਸਪੈਕਟਰ ਨੇ ਕਿਹਾ ਕਿ ਅੱਜ ਛੁੱਟੀ ਹੋਣ ਕਾਰਨ ਉਹ ਕਿਸੇ ਕੰਮ ਵਿੱਚ ਰੁੱਝੇ ਹੋ ਸਕਦੇ ਹਨ।

ਉਨ੍ਹਾਂ ਇਹ ਵੀ ਦੱਸਿਆ ਕਿ ਉਸ ਸਮੇਂ ਉਹ ਖ਼ੁਦ ਗੱਡੀ ਚਲਾ ਰਹੇ ਸਨ।ਇਸ ਸਬੰਧੀ ਜਦੋਂ ਸਹਿਕਾਰੀ ਸਭਾ ਜਲਾਨ ਦੇ ਸਕੱਤਰ ਜਸਕਰਨ ਸਿੰਘ ਨਾਲ ਗੱਲਬਾਤ ਕੀਤੀ ਗਈ ਤਾਂ ਉਨ੍ਹਾਂ ਕਿਹਾ ਕਿ ਸਭਾ ਦੀਆਂ ਚੋਣਾਂ ਨਿਰਪੱਖ ਢੰਗ ਨਾਲ ਕਰਾਈਆਂ ਜਾਣਗੀਆਂ ਅਤੇ ਕਿਸੇ ਵੀ ਵਿਅਕਤੀ ਨਾਲ ਕੋਈ ਧੱਕਾ ਨਹੀਂ ਕੀਤਾ ਜਾਵੇਗਾ।

# ਸਾਥੀ ਤੇਜਾ ਸਿੰਘ ਸੁਤੰਤਰ ਲੋਕ ਚੇਤਨਾ ਸੁਸਾਇਟੀ ਨੇ ਮੈਡੀਕਲ ਕੈਂਪ ਲਗਾਇਆ



**ਲੁਧਿਆਣਾ (ਨ ਜ ਸ)**-ਸਾਥੀ ਤੇਜਾ ਸਿੰਘ ਸੁਤੰਤਰ ਲੋਕ ਚੇਤਨਾ ਸੁਸਾਇਟੀ (ਰਜਿ.) ਵੱਲੋਂ ਸਾਹਿਵਾਲ ਪਬਲਿਕ ਸਕੂਲ ਲੁਧਿਆਣਾ ਵਲੋਂ ਮੈਡੀਕਲ ਕੈਂਪ ਲਗਾਇਆ ਗਿਆ, ਜਿਸ ਵਿੱਚ ਕੰਨ, ਨੱਕ, ਗਲੇ ਦੇ ਮਾਹਰ ਡਾਕਟਰ ਅਰੁਣ ਮਿੱਤਰਾ ਅਤੇ ਡਾਕਟਰ ਰੁਬਲਦੀਪ ਕੌਰ, ਅੱਖਾਂ ਦੀਆਂ ਬਿਮਾਰੀਆਂ ਦੇ ਮਾਹਰ ਡਾਕਟਰ ਬਲਜੀਤ ਕੌਰ ਤਾਂ ਅਤੇ ਦੰਦਾਂ ਦੀਆਂ ਬਿਮਾਰੀਆਂ ਦੇ ਮਾਹਿਰ ਡਾਕਟਰ ਸ਼ਿਵਾਨੀ ਗੁਪਤਾ ਨੇ ਕੈਂਪ ਵਿੱਚ ਆਏ 150 ਮਰੀਜ਼ਾਂ ਦਾ ਚੈੱਕ ਅਪ ਕੀਤਾ। ਜਿਨਾਂ ਨੂੰ ਦਵਾਈਆਂ ਮੁਫਤ ਦਿੱਤੀਆਂ ਗਈਆਂ ਅਤੇ ਲੋੜਵੰਦਾਂ ਨੂੰ ਐਨਕਾਂ ਮੁਫਤ ਦਿੱਤੀਆਂ ਗਈਆਂ। ਕੈਂਪ ਦਾ ਉਦਘਾਟਨ ਡਾਕਟਰ ਅਰੁਣ ਮਿੱਤਰਾ ਨੇ ਕੀਤਾ।ਵਾਰਡ ਨੰਬਰ 64 ਦੇ ਕੌਂਸਲਰ ਸ੍ਰੀਮਤੀ ਇੰਦੂ ਮੁਨੀਸ਼ ਸ਼ਾਹ ਕਿਸੇ ਕਾਰਨ ਨਾ ਸਕੇ।ਹਲਕੇ ਦੇ ਆਪ ਆਗੂ ਅਤੇ ਕੌਂਸਲਰ ਪਤੀ ਮੁਨੀਸ਼ ਸ਼ਾਹ ਨੇ ਕੈਂਪ ਵਿੱਚ ਸ਼ਾਮਲ ਹੋ ਕੇ ਆਰਗੇਨਾਈਜਰਾਂ ਦਾ ਹੌਸਲਾ ਵਧਾਇਆ। ਉਦਘਾਟਨ ਤੋਂ ਬਾਅਦ ਡਾਕਟਰ ਅਰੁਣ ਮਿੱਤਰਾ ਨੇ ਹੋਣ ਵਾਲੀਆਂ ਬਿਮਾਰੀਆਂ ਦੇ ਕਾਰਨਾਂ ਬਾਰੇ ਦੱਸਿਆ ਅਤੇ ਇਹ ਵੀ ਦੱਸਿਆ ਕਿ ਪੰਜਾਬ ਸਰਕਾਰ ਅਤੇ ਕੇਂਦਰ ਸਰਕਾਰ ਵੱਲੋਂ ਸਿਹਤ ਸੇਵਾਵਾਂ ਲਈ ਰੱਖਿਆ ਜਾਂਦਾ ਬਜਟ ਬਹੁਤ ਨਿਗੂਣਾ ਹੈ, ਜਦੋਂ ਕਿ ਸਿਹਤ ਸੰਭਾਲ ਦੀ ਜ਼ਿੰਮੇਵਾਰੀ ਸਰਕਾਰ ਦੀ ਹੋਣੀ ਚਾਹੀਦੀ ਹੈ।ਹਰ ਸਾਲ ਇਲਾਜ ਲਈ ਆਪਣੀ ਜੇਬ ਵਿੱਚੋਂ ਪੈਸੇ ਖਰਚਣ ਕਰਕੇ ਬਹੁਤ ਸਾਰੇ ਲੋਕ ਫਾਈਨੈਂਸ਼ੀਅਲ ਤੌਰ 'ਤੇ ਬਹੁਤ ਤੰਗ ਹੋ ਜਾਂਦੇ ਹਨ। ਡਾਕਟਰ ਰੁਬਲਦੀਪ ਕੌਰ ਅਤੇ ਡਾਕਟਰ ਬਲਜੀਤ ਕੌਰ ਨੇ ਵੀ ਬਿਮਾਰੀਆਂ ਤੋਂ ਬਚਾਅ ਲਈ ਸੁਝਾਅ ਦਿੱਤੇ।ਕੈਂਪ ਨੂੰ ਜਥੇਬੰਦ ਕਰਨ ਵਾਲੀ ਸੰਸਥਾ ਸਾਥੀ ਤੇਜਾ ਸਿੰਘ ਸੁਤੰਤਰ ਲੋਕ ਚੇਤਨਾ ਸੋਸਾਇਟੀ ਰਜਿਸਟਰਡ ਵੱਲੋਂ ਐਮ ਐਸ ਭਾਟੀਆ ਜਨਰਲ ਸਕੱਤਰ ਅਤੇ ਕਾਮਰੇਡ ਰਣਧੀਰ ਸਿੰਘ ਧੀਰਾ ਪ੍ਰਧਾਨ ਨੇ ਜਿੱਥੇ ਸਾਰੇ ਡਾਕਟਰਾਂ ਦਾ ਇਸ ਕੈਂਪ ਵਿੱਚ ਆ ਕੇ ਮਰੀਜ਼ਾਂ ਨੂੰ ਚੈੱਕਅਪ ਕਰਨ ਲਈ ਧੰਨਵਾਦ ਕੀਤਾ ਉਥੇ ਕੈਂਪ ਵਿੱਚ ਦਵਾਈਆਂ ਅਤੇ ਐਨਕਾਂ, ਚਾਹ ਪਾਣੀ ਜਾਂ ਟੈਂਟ ਅਤੇ ਬੈਨਰਾਂ ਦੀ ਸੇਵਾ ਕਰਨ ਵਾਲੇ ਸਾਰੇ ਸਹਿਯੋਗੀਆਂ ਦਾ ਵੀ ਧੰਨਵਾਦ ਕੀਤਾ। ਇਸ ਮੈਡੀਕਲ ਕੈਂਪ ਨੂੰ ਜਥੇਬੰਦ ਕਰਨ ਅਤੇ ਸੁਚਾਰੂ ਰੂਪ ਵਿੱਚ ਚਲਾਉਣ ਲਈ ਸੁਸ਼ੀਲ ਕੁਮਾਰ ਕੈਸ਼ੀਅਰ, ਮੁੰਨਾ ਕਮਲੇਸ਼, ਸੰਜੀਵ ਕੁਮਾਰ, ਹਰਵਿੰਦਰ ਸਿੰਘ ਬਿੱਟੂ, ਪ੍ਰਬੋਧ ਕੁਮਾਰ, ਅਨੋਦ ਕੁਮਾਰ, ਰਾਮਾਧਾਰ ਸਿੰਘ, ਸੰਜੀਤ ਕੁਮਾਰ, ਕਰਨ ਰਾਏ ਅਤੇ ਪ੍ਰਬੰਧਕ ਕਮੇਟੀ ਦੇ ਬਾਕੀ ਸਾਰੇ ਮੈਂਬਰਾਂ ਨੇ ਪੂਰੀ ਮਿਹਨਤ ਦੇ ਨਾਲ ਆਪਣਾ ਯੋਗਦਾਨ ਪਾਇਆ।

# ਆਲ ਇੰਡੀਆ ਹਿਊਮਨ ਰਾਈਟਸ ਐਸੋਸੀਏਸ਼ਨ ਵੱਲੋਂ ਰਾਸ਼ਨ ਤੇ ਪੈਨਸ਼ਨ ਵੰਡ ਸਮਾਗਮ



**ਜਗਰਾਓਂ (ਅਮਿਤ ਖੰਨਾ)**-ਧੰਨ-ਧੰਨ ਬਾਬਾ ਨੰਦ ਸਿੰਘ ਦੇ ਅਸ਼ੀਰਵਾਦ ਸਦਕਾ ਆਲ ਇੰਡੀਆ ਹਿਊਮਨ ਰਾਈਟਸ ਐਸੋਸੀਏਸ਼ਨ ਵੱਲੋਂ 200ਵਾਂ ਰਾਸ਼ਨ ਤੇ ਪੈਨਸ਼ਨ ਵੰਡ ਸਮਾਗਮ ਐਤਵਾਰ ਸਥਾਨਕ ਗੁਰਦੁਆਰਾ ਭਜਨਗੜ੍ਹ ਸਾਹਿਬ ਵਿਖੇ ਕਰਾਇਆ ਗਿਆ।ਸਮਾਗਮ 'ਚ ਸੁਖਮਨੀ ਸਾਹਿਬ ਦਾ ਪਾਠ ਤੇ ਕੀਰਤਨ ਦਰਬਾਰ ਸਜਾਇਆ ਗਿਆ।ਭਾਈ ਸਾਹਿਬ ਵੱਲੋਂ ਕੀਰਤਨ ਰਾਹੀਂ ਸੰਗਤ ਨੂੰ ਨਿਹਾਲ ਕੀਤਾ ਗਿਆ ਤੇ ਸਰਬੱਤ ਦੇ ਭਲੇ ਦੀ ਸਮੂਹਿਕ ਅਰਦਾਸ ਬੇਨਤੀ ਕੀਤੀ ਗਈ।

ਕਰੀਬ 17 ਸਾਲ ਪਹਿਲਾਂ ਸੰਸਥਾ ਵੱਲੋਂ ਬਜ਼ੁਰਗਾਂ ਨੂੰ ਹਰੇਕ ਮਹੀਨੇ ਪੈਨਸ਼ਨ ਦੇਣ ਲਈ ਆਰੰਭੀ ਲੜੀ ਤਹਿਤ ਕਰਾਏ 200ਵੇਂ ਸਮਾਗਮ ਸਮੇਂ 25 ਬਜ਼ੁਰਗਾਂ ਨੂੰ ਰਾਸ਼ਨ, ਪੈਨਸ਼ਨ ਗਰਮ ਕੰਬਲ, ਗਰਮ ਕੱਪੜੇ, ਆਟੇ ਦੀਆਂ ਥੈਲੀਆਂ, ਤੋਹਫ਼ੇ ਤੇ ਹੋਰ ਲੋੜੀਂਦਾ ਸਾਮਾਨ ਸੰਸਥਾ ਵੱਲੋਂ ਦਾਨੀ ਸੱਜਣਾਂ ਦੇ ਸਹਿਯੋਗ ਨਾਲ ਦਿੱਤਾ ਗਿਆ।ਸੰਸਥਾ ਦੇ ਪ੍ਰਧਾਨ ਮਨਜਿੰਦਰ ਪਾਲ ਸਿੰਘ ਹਨੀ, ਸੈਕਟਰੀ ਰਾਕੇਸ਼ ਮੈਨੀ, ਫਾਈਨੈਂਸ ਸੈਕਟਰੀ ਰਾਜਨ ਬਾਂਸਲ, ਆਰਗੇਨਾਈਜ਼ਰ ਸੈਕਟਰੀ ਦਮਨਦੀਪ ਸਿੰਘ ਤੇ ਰਾਜਨ ਜੈਨ, ਪੈਟਰਨ ਐਡ. ਬਲਦੇਵ ਗੋਇਲ, ਡਾਕਟਰ ਵਿਵੇਕ ਗੋਇਲ, ਡੀਕੇ ਸ਼ਰਮਾ ਤੇ ਪ੍ਰੋਫੈਸਰ ਕਰਮ ਸਿੰਘ ਸੰਧੂ, ਵਾਈਸ ਪ੍ਰਧਾਨ ਜਸਪਾਲ ਸਿੰਘ ਚਾਹਲ, ਜੁਆਇੰਟ ਸੈਕਟਰੀ ਡਾਕਟਰ ਰਜਨੀਸ਼ ਸਿੰਘ, ਪ੍ਰੋਜੈਕਟ ਡਾਇਰੈਕਟਰ ਗੁਰਵਿੰਦਰ ਔਲਖ ਵਿੱਕੀ ਤੇ ਅੱਛਰੂ ਸਿੰਗਲਾ, ਲੀਗਲ ਐਡਵਾਈਜ਼ਰ ਐਡਵੋਕੇਟ ਦਿਨੇਸ਼ ਕਤਿਆਲ, ਪਰਵੀਨ ਗਰਗ ਸੀਏ ਤੇ ਐਡਵੋਕੇਟ ਸਰਬਜੀਤ ਛੀਨਾ, ਮੀਡੀਆ ਐਡਵਾਈਜ਼ਰ ਹਰੀ ਓਮ ਵਰਮਾ, ਪ੍ਰੈੱਸ ਸੈਕਟਰੀ ਦੀਪਕ ਸੇਠੀ ਤੇ ਬਿਕਰਮ ਜੈਸੀ ਸਾਬਕਾ ਐਮਸੀ, ਆਫ਼ਿਸ ਸੈਕਟਰੀ ਮਨਮੋਹਨ ਸਿੰਘ ਮੋਨੂ, ਆਸ਼ੀਸ਼ ਕਪੂਰ ਤੇ ਨਵਦੀਪ ਬਾਵਾ ਤੇ ਸਲਾਹਕਾਰ ਪ੍ਰਭਜੋਤ ਸਮੇਤ ਪੂਰੀ ਟੀਮ ਵੱਲੋਂ ਕਰਾਏ ਇਸ 200ਵੇਂ ਵਿਸ਼ਾਲ ਸਮਾਗਮ ਵਿੱਚ ਡਾਇਮੰਡ ਸਪਾਂਸਰ ਕੁਦਰਤ ਦੇ ਰਾਖੇ ਟਰੱਸਟ ਦੇ ਚੇਅਰਮੈਨ ਰਜਿੰਦਰ ਜੈਨ ਕਾਕਾ, ਸਰਪ੍ਰਸਤ ਭਵਨ ਗੋਇਲ ਤੇ ਕੈਸ਼ੀਅਰ ਸਾਹਿਲ ਗੁਪਤਾ, ਲਖਵਿੰਦਰ ਸਿੰਘ ਔਲਖ ਕੈਨੇਡਾ, ਬਲਵੀਰ ਸਿੰਘ ਕਲੇਰ ਕੈਨੇਡਾ, ਮੇਜਰ ਸਿੰਘ ਛੀਨਾ, ਅਮਰਜੀਤ ਕੌਰ ਕੈਨੇਡਾ, ਡੀਕੇ ਸ਼ਰਮਾ, ਕੁਲਵੰਤ ਸਿੰਘ ਸੇਵਾ ਮੁਕਤ ਡੀਓ, ਅਸ਼ੀਸ਼ ਕਪੂਰ, ਐਡ. ਦਿਨੇਸ਼ ਕਤਿਆਲ, ਸੰਜੀਵ ਹਾਂਡਾ ਯੂਕੇ, ਜਸਵੀਰ ਸਿੰਘ ਕੈਨੇਡਾ ਡਾਕਟਰ ਵਿਵੇਕ ਗੋਇਲ, ਗੁਰਦੁਆਰਾ ਭਜਨਗੜ੍ਹ ਸਾਹਿਬ ਦੇ ਪ੍ਰਧਾਨ ਗੁਰਪ੍ਰੀਤ ਸਿੰਘ, ਗੋਲਡ ਸਪਾਂਸਰ ਇੰਦਰਜੀਤ ਸਿੰਘ ਓਬਰਾਏ, ਰਾਜਨ ਬਾਂਸਲ, ਐਡ. ਸਰਬਜੀਤ ਛੀਨਾ, ਗੁਰਵਿੰਦਰ ਸਿੰਘ ਔਲਖ ਵਿੱਕੀ, ਰਾਜਨ ਜੈਨ, ਹਰੀ ਓਮ ਵਰਮਾ, ਮਨਮੋਹਨ ਸਿੰਘ ਮੈਨੂ, ਬਿਕਰਮ ਜੱਸੀ, ਦੀਪਕ ਸੇਠੀ, ਅੱਛਰੂ ਸਿੰਗਲਾ, ਡਾਕਟਰ ਰਜਨੀਸ਼ ਪਾਲ ਸਿੰਘ ਸਮੇਤ ਸੰਸਥਾ ਨੂੰ ਸਹਿਯੋਗ ਕਰਨ ਵਾਲੀ ਰਾਜਨੀਤਿਕ ਪਾਰਟੀਆਂ, ਜਗਰਾਓ ਦੀਆਂ ਸਮਾਜ ਸੇਵੀ, ਧਾਰਮਿਕ, ਵਪਾਰਕ, ਮੁਲਾਜ਼ਮ ਜਥੇਬੰਦੀਆਂ ਦੇ ਪਤਵੰਤੇ ਸੱਜਣਾਂ ਨੇ ਵੱਡੀ ਗਿਣਤੀ 'ਚ ਸ਼ਮੂਲੀਅਤ ਕਰਦਿਆਂ ਆਲ ਇੰਡੀਆ ਹਿਊਮਨ ਰਾਈਟਸ ਐਸੋਸੀਏਸ਼ਨ ਵੱਲੋਂ ਕੀਤੇ ਜਾ ਰਹੇ ਇਸ ਨੇਕ ਉਪਰਾਲੇ ਦੀ ਸ਼ਲਾਘਾ ਕਰਦਿਆਂ ਕਿਹਾ ਕਿ ਪਿਛਲੇ 17 ਸਾਲਾਂ ਤੋਂ ਇਕ ਪ੍ਰੋਜੈਕਟ ਨੂੰ ਲਗਾਤਾਰ ਨਿਰਵਿਘਨ ਜਾਰੀ ਰੱਖਣਾ ਬਹੁਤ ਹੀ ਔਖਾ ਕੰਮ ਹੈ, ਜਿਸ ਨੂੰ ਸੰਸਥਾ ਦੇ ਸਮੂਹ ਮੈਂਬਰ ਪੂਰਨ ਸਹਿਯੋਗ ਨਾਲ ਪ੍ਰਧਾਨ ਮਨਜਿੰਦਰ ਪਾਲ ਸਿੰਘ ਹਨੀ ਦੀ ਅਗਵਾਈ 'ਚ ਨਿਭਾਅ ਰਹੇ ਹਨ।

## ਕਾਤਰਾਂ

### ਅਜਾਇਬ ਸਿੰਘ ਹੁੰਦਲ ਦੇ ਦੇਹਾਂਤ 'ਤੇ ਅਫ਼ਸੋਸ ਪ੍ਰਗਟ



**ਸਮਰਾਲਾ (ਸੁਰਜੀਤ ਸਿੰਘ)**-ਵੇਰਕਾ ਦੇ ਜੰਮਪਲ, ਅੰਮ੍ਰਿਤਸਰ ਦੇ ਸਿਰਕੱਢ ਵਕੀਲ ਤੇ ਸ਼੍ਰੋਮਣੀ ਪੰਜਾਬੀ ਕਵੀ ਅਜਾਇਬ ਸਿੰਘ ਹੁੰਦਲ ਦੇ ਦੇਹਾਂਤ 'ਤੇ ਪੰਜਾਬੀ ਲੋਕ ਵਿਰਾਸਤ ਅਕਾਡਮੀ ਲੁਧਿਆਣਾ ਦੇ ਚੇਅਰਮੈਨ ਪ੍ਰੋ. ਗੁਰਭਜਨ ਸਿੰਘ ਗਿੱਲ ਨੇ ਡੂੰਘੇ ਅਫ਼ਸੋਸ ਦਾ ਪ੍ਰਗਟਾਵਾ ਕੀਤਾ ਹੈ।ਅਜਾਇਬ ਸਿੰਘ ਹੁੰਦਲ 86 ਸਾਲ ਦੇ ਸਨ।ਪ੍ਰੋ. ਗੁਰਭਜਨ ਸਿੰਘ ਗਿੱਲ ਨੇ ਦੱਸਿਆ ਕਿ ਇਹਨਾਂ ਆਪਣਾ ਕਾਵਿ ਸਫ਼ਰ ਉਨ੍ਹਾਂ ਪੰਜਾਬੀ ਗ਼ਜ਼ਲਗੋ ਵਜੋਂ ਆਰੰਭਿਆ, ਪਰ ਮਗਰੋਂ ਉਹ ਆਜ਼ਾਦ ਕਵਿਤਾ ਲਿਖਣ ਲੱਗ ਪਏ।ਵੇਰਕਾ ਰਹਿੰਦਿਆਂ ਉਹ ਪੰਜਾਬੀ ਨਾਵਲਕਾਰ ਮੋਹਨ ਕਾਹਲੋਂ ਦੇ ਪੱਕੇ ਸਾਥੀ ਸਨ।ਉਨ੍ਹਾਂ ਦੀਆਂ ਪ੍ਰਮੁੱਖ ਲਿਖਤਾਂ ਵਿੱਚ 'ਅਜੇ ਨਾ ਗਿਣ' (ਗ਼ਜ਼ਲਾਂ), 'ਫ਼ੈਸਲੇ ਤੋਂ ਬਾਅਦ' (1983), 'ਮਿੱਟੀ ਸਾਹਵੇਂ ਖੜਾ ਵਾਰਿਸ' (1991), 'ਆਪਣਾ ਆਪਣਾ ਕੁਰੂਕਸ਼ੇਤਰ' (1996), 'ਕਚਹਿਰੀ ਵਿੱਚ ਖੜ੍ਹਾ ਦਰੱਖਤ' (1992) ਪ੍ਰਮੁੱਖ ਹਨ। ਭਾਸ਼ਾ ਵਿਭਾਗ ਪੰਜਾਬ ਨੇ ਵੀ ਆਪ ਨੂੰ ਸ਼੍ਰੋਮਣੀ ਪੰਜਾਬੀ ਕਵੀ ਵਜੋਂ ਸਨਮਾਨਤ ਕੀਤਾ ਸੀ।

### ਟਰੱਕ ਟੱਕਰ 'ਚ ਦੋ ਮੋਟਰਸਾਈਕਲ ਸਵਾਰਾਂ ਦੀ ਮੌਤ

**ਸ੍ਰੀ ਫ਼ਤਹਿਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ)**-ਮੰਡੀ ਗੋਬਿੰਦਗੜ੍ਹ ਵਿਖੇ ਵਾਪਰੇ ਸੜਕ ਹਾਦਸੇ ਵਿੱਚ ਇੱਕ ਬੈਂਕ ਮੈਨੇਜਰ ਅਤੇ ਇੱਕ ਬੈਂਕ ਕਰਮਚਾਰੀ ਦੀ ਮੌਤ ਹੋ ਜਾਣ ਦੀ ਸੂਚਨਾ ਹੈ।ਪ੍ਰਾਪਤ ਵੇਰਵਿਆਂ ਅਨੁਸਾਰ ਮੰਡੀ ਗੋਬਿੰਦਗੜ੍ਹ ਵਿਖੇ ਬੈਂਕ ਆਫ਼ ਬੜੌਦਾ ਦੀ ਬ੍ਰਾਂਚ ਵਿੱਚ ਮੈਨੇਜਰ ਵਜੋਂ ਤਾਇਨਾਤ ਵਿਨੋਦ ਕੁਮਾਰ(50) ਵਾਸੀ ਅੰਬਾਲਾ(ਹਰਿਆਣਾ) ਬੈਂਕ ਦੇ ਸਾਥੀ ਕਰਮਚਾਰੀ ਨੀਰਜ ਕੁਮਾਰ(30) ਵਾਸੀ ਮੰਡੀ ਗੋਬਿੰਦਗੜ੍ਹ ਦੇ ਨਾਲ ਮੋਟਰਸਾਈਕਲ ਤੇ ਸਵਾਰ ਹੋ ਕੇ ਸਰਵਿਸ ਰੋਡ ਰਾਹੀਂ ਮੰਡੀ ਗੋਬਿੰਦਗੜ੍ਹ ਤੋਂ ਸਰਹਿੰਦ ਵੱਲ ਨੂੰ ਆ ਰਹੇ ਸਨ।ਜਦੋਂ ਉਹ ਮੰਡੀ ਗੋਬਿੰਦਗੜ੍ਹ ਦੀ ਚੋਪੜਾ ਕਰੇਨਜ਼ ਫਰਮ ਨਜ਼ਦੀਕ ਪਹੁੰਚੇ ਤਾਂ ਪਿੱਛਿਓਂ ਤੇਜ਼ ਰਫ਼ਤਾਰ ਨਾਲ ਆ ਰਹੇ ਇੱਕ ਟਰੱਕ ਨੇ ਉਨ੍ਹਾਂ ਦੇ ਮੋਟਰਸਾਈਕਲ ਨੂੰ ਫੇਟ ਮਾਰ ਦਿੱਤੀ।ਇਸ ਹਾਦਸੇ ਦੌਰਾਨ ਗੰਭੀਰ ਸੱਟਾਂ ਲੱਗਣ ਤੇ ਵਿਨੋਦ ਕੁਮਾਰ ਅਤੇ ਨੀਰਜ ਕੁਮਾਰ ਦੀ ਮੌਕੇ ਤੇ ਹੀ ਮੌਤ ਗਈ।ਟਰੱਕ ਦੇ ਨਾਮਾਲੂਮ ਡਰਾਈਵਰ ਵਿਰੁੱਧ ਕੇਸ ਦਰਜ ਕਰਕੇ ਥਾਣਾ ਮੰਡੀ ਗੋਬਿੰਦਗੜ੍ਹ ਦੀ ਪੁਲਿਸ ਵੱਲੋਂ ਮਾਮਲੇ ਦੀ ਤਫ਼ਤੀਸ਼ ਸ਼ੁਰੂ ਕਰ ਦਿੱਤੀ ਗਈ ਹੈ।

### ਨੌਕਰੀ ਲਵਾਉਣ ਦੇ ਨਾਂਅ 'ਤੇ ਪੰਜ ਲੱਖ ਦੀ ਠੱਗੀ, ਕੇਸ ਦਰਜ

**ਸ੍ਰੀ ਫ਼ਤਹਿਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ)**-ਇੱਕ ਨੌਜਵਾਨ ਨੂੰ ਹਾਈਕੋਰਟ ਵਿੱਚ ਨੌਕਰੀ ਲਵਾਉਣ ਦਾ ਝਾਂਸਾ ਦੇ ਕੇ ਪੰਜ ਲੱਖ ਰੁਪਏ ਦੀ ਠੱਗੀ ਮਾਰਨ ਦੇ ਕਥਿਤ ਮਾਮਲੇ ਵਿੱਚ ਬਡਾਲੀ ਆਲਾ ਸਿੰਘ ਪੁਲਿਸ ਵੱਲੋਂ ਇੱਕ ਵਿਅਕਤੀ ਨੂੰ ਨਾਮਜ਼ਦ ਕੀਤੇ ਜਾਣ ਦਾ ਸਮਾਚਾਰ ਹੈ।ਪ੍ਰਾਪਤ ਵੇਰਵਿਆਂ ਅਨੁਸਾਰ ਪੁਲਸ ਨੂੰ ਦਿੱਤੀ ਦਰਖ਼ਾਸਤ ਵਿੱਚ ਹਰਵਿੰਦਰ ਸਿੰਘ ਵਾਸੀ ਪਿੰਡ ਗੜੌਲੀਆਂ ਨੇ ਦੋਸ਼ ਲਾਏ ਸਨ ਕਿ ਦਲਵੀਰ ਸਿੰਘ ਵਾਸੀ ਪਿੰਡ ਘੁਮੰਡਗੜ੍ਹ ਨੇ ਉਸਦੇ ਲੜਕੇ ਕਮਲਜੀਤ ਸਿੰਘ ਨੂੰ ਪੰਜਾਬ ਤੇ ਹਰਿਆਣਾ ਹਾਈਕੋਰਟ ਵਿੱਚ ਨੌਕਰੀ ਉੱਤੇ ਲਵਾਉਣ ਦੇ ਨਾਂਅ 'ਤੇ ਉਨ੍ਹਾਂ ਤੋਂ ਪੰਜ ਲੱਖ ਰੁਪਏ ਲੈ ਲਏ ਸਨ।ਪਰ ਨਾ ਤਾਂ ਉਕਤ ਵਿਅਕਤੀ ਨੇ ਉਸ ਦੇ ਲੜਕੇ ਨੂੰ ਹਾਈਕੋਰਟ ਵਿੱਚ ਨੌਕਰੀ 'ਤੇ ਲਵਾਇਆ ਅਤੇ ਨਾ ਹੀ ਉਨ੍ਹਾ ਦੇ ਪੈਸੇ ਵਾਪਸ ਕੀਤੇ ਹਨ।ਦੋਸ਼ਾਂ ਦੀ ਪੜਤਾਲ ਉਪਰੰਤ ਥਾਣਾ ਬਡਾਲੀ ਆਲਾ ਸਿੰਘ ਦੀ ਪੁਲਸ ਨੇ ਦਲਵੀਰ ਸਿੰਘ ਵਿਰੁੱਧ ਅ/ਧ 318(4) ਬੀ.ਐਨ.ਐਸ. ਤਹਿਤ ਮੁਕੱਦਮਾ ਦਰਜ ਕਰਕੇ ਮਾਮਲੇ ਦੀ ਤਫ਼ਤੀਸ਼ ਸ਼ੁਰੂ ਕਰ ਦਿੱਤੀ ਹੈ।

# ਗੁਰੂ ਨਾਨਕ ਸਹਾਰਾ ਸੁਸਾਇਟੀ ਨੇ ਬਜ਼ੁਰਗਾਂ ਨੂੰ ਪੈਨਸ਼ਨ ਤੇ ਰਾਸ਼ਨ ਵੰਡਿਆ



**ਜਗਰਾਉਂ (ਸੰਜੀਵ ਅਰੋੜਾ)**-ਗੁਰੂ ਨਾਨਕ ਸਹਾਰਾ ਸੁਸਾਇਟੀ ਵੱਲੋਂ ਚੇਅਰਮੈਨ ਗੁਰਮੇਲ ਸਿੰਘ ਢਿੱਲੋਂ (ਯੂ. ਕੇ.) ਅਤੇ ਪ੍ਰਧਾਨ ਕੈਪਟਨ ਨਰੇਸ਼ ਵਰਮਾ ਦੀ ਅਗਵਾਈ ਹੇਠ 218ਵਾਂ ਸਵ: ਸੰਸਾਰ ਚੰਦ ਵਰਮਾ ਯਾਦਗਾਰੀ ਮਹੀਨਾਵਾਰ ਪੈਨਸ਼ਨ ਅਤੇ ਰਾਸ਼ਨ ਵੰਡ ਸਮਾਗਮ ਸੰਪਨ ਹੋਇਆ। ਸਮਾਗਮ ਵਿੱਚ ਸੀਨੀਅਰ ਪੱਤਰਕਾਰ ਸਵ. ਓਮ ਪ੍ਰਕਾਸ਼ ਭੰਡਾਰੀ ਦੇ ਪਰਿਵਾਰ ਵੱਲੋਂ ਉਨ੍ਹਾਂ ਦੇ ਪੁੱਤਰ ਪੁਨੀਤ ਭੰਡਾਰੀ ਨੇ ਆਪਣੀ ਨੇਕ ਕਮਾਈ ਵਿੱਚੋਂ ਤੀਹ ਬਜ਼ੁਰਗਾਂ ਨੂੰ ਮਹੀਨਾਵਾਰ ਪੈਨਸ਼ਨ ਭੇਜੀ। ਇਸ ਮੌਕੇ ਭੰਡਾਰੀ ਪਰਿਵਾਰ ਵੱਲੋਂ ਸਾਰੇ ਬਜ਼ੁਰਗਾਂ ਨੂੰ ਤਿਉਹਾਰਾਂ ਨੂੰ ਮੁੱਖ ਰੱਖਦੇ ਹੋਏ ਮਿੱਠਾਈ ਦੇ ਡਿੱਬੇ ਦਿੱਤੇ ਗਏ। ਇਸ ਮੌਕੇ ਕੁਦਰਤ ਦੇ ਰਾਖੇ ਟਰੱਸਟ ਦੇ ਪ੍ਰਧਾਨ ਘਣੱਈਆ ਗੁਪਤਾ ਬਾਂਕਾ ਤੇ ਪ੍ਰਧਾਨ ਨੇ ਰਾਜਿੰਦਰ ਜੈਨ ਕਾਕਾ ਨੇ ਸਵਰਗੀ ਓ.ਪੀ. ਭੰਡਾਰੀ ਦੀ ਪੱਤਰਕਾਰੀ ਦੀ ਤਾਰੀਫ ਕਰਦੇ ਹੋਏ ਭੰਡਾਰੀ ਪਰਵਾਰ ਵਾਲੀ ਉਨ੍ਹਾਂ ਦੀ ਸਾਲਾਨਾ ਬਰਸੀ ਤੇ ਪੈਨਸ਼ਨ ਵੰਡਣ ਦੇ ਉਪਰਾਲੇ ਦੀ ਸ਼ਲਾਘਾ ਕੀਤੀ। ਇਸ ਮੌਕੇ ਕੁਦਰਤ ਦੇ ਰਾਖੇ ਟੀਮ ਵੱਲੋਂ ਚੇਅਰਮੈਨ ਰਾਜਿੰਦਰ ਜੈਨ ਕਾਕਾ, ਘਣੱਈਆ ਗੁਪਤਾ ਬਾਂਕਾ, ਸਾਹਿਲ ਗੁਪਤਾ, ਰਾਜਪਾਲ ਜੈਨ, ਅਰਵਿੰਦ ਬਾਂਸਲ, ਕੇਵਲ ਮਲਹੋਤਰਾ ਅਤੇ ਕੈਪਟਨ ਨਰੇਸ਼ ਵਰਮਾ ਨੇ ਸਾਰੇ ਬਜ਼ੁਰਗਾਂ ਨੂੰ ਰਾਸ਼ਨ ਵੰਡਿਆ। ਇਸ ਮੌਕੇ ਕਰ ਭਲਾ ਹੋ ਭਲਾ ਸੁਸਾਇਟੀ ਵੱਲੋਂ ਚੇਅਰਮੈਨ ਰੋਹਿਤ ਅਰੋੜਾ, ਪ੍ਰਧਾਨ ਵਿਸ਼ਾਲ ਸ਼ਰਮਾ, ਨੀਰਜ ਕਟਾਰੀਆ, ਸੁਨੀਲ ਬਜਾਜ ਅਤੇ ਕੈਮਿਸਟ ਐਸੋਸੀਏਸ਼ਨ ਦੇ ਪ੍ਰਧਾਨ ਡਾਕਟਰ ਪੰਕਜ ਅੱਗਰਵਾਲ ਅਤੇ ਮੀਨੂੰ ਵਰਮਾ ਵੱਲੋਂ ਸਾਰੇ ਬਜ਼ੁਰਗਾਂ ਨੂੰ ਬਿਸਕੁਟ ਤੇ ਨਮਕੀਨ ਦੇ ਪੈਕੇਟ ਵੰਡੇ ਗਏ। ਸਮਾਜ ਸੇਵੀ ਸੁਰੇਸ਼ ਸਿੰਗਲਾ ਅਤੇ ਉਨ੍ਹਾਂ ਦੇ ਪੁੱਤਰਾਂ ਵਲੋ ਅਪਣੇ ਬਜ਼ੁਰਗ ਸਵਰਗੀ ਮਹਿੰਦਰ ਪਾਲ ਸਿੰਗਲਾ ਅਤੇ ਸਵਰਗੀ ਮਾਤਾ ਇੰਦਰਾ ਰਾਣੀ ਸਿੰਗਲਾ ਦੀ ਯਾਦ ਵਿੱਚ ਸਾਰੇ ਬਜ਼ੁਰਗਾਂ ਨੂੰ ਮਾਲੀ ਸਹਾਇਤਾ ਦਿੱਤੀ ਗਈ ਤੇ ਯੋਗਾ ਸਾਧਕ ਆਸ਼ਾ ਸਹਿਗਲ ਨੇ ਵੀ ਬਜ਼ੁਰਗਾਂ ਨੂੰ ਰਾਸ਼ੀ ਵੰਡੀ।

# ਫਿਰੌਤੀ ਦੀਆਂ ਧਮਕੀਆਂ ਨਾਲ ਉਦਯੋਗਪਤੀਆਂ 'ਚ ਅਸੁਰੱਖਿਆ, ਨਿਵੇਸ਼ ਬਚਾਉਣ ਲਈ ਮਾਨ ਸਰਕਾਰ ਠੋਸ ਕਦਮ ਚੁੱਕੇ : ਸੁਨੀਲ ਜੇ. ਸਿੰਘੀ




**ਨਾਭਾ (ਅਮਨ ਗਰਗ)**

ਨਾਭਾ ਦੇ ਉਦਯੋਗਪਤੀਆਂ ਦੀ ਮੀਟਿੰਗ ਰੋਟਰੀ ਕਲੱਬ ਵਿਖੇ ਹੋਈ, ਜਿਸ ਦਾ ਆਯੋਜਨ ਪਰਮਜੀਤ ਸਿੰਘ ਕੈਂਥ, ਮੀਤ ਪ੍ਰਧਾਨ, ਭਾਜਪਾ ਅਨੁਸੂਚਿਤ ਜਾਤੀ ਮੋਰਚਾ, ਪੰਜਾਬ ਵੱਲੋਂ ਕੀਤਾ ਗਿਆ।ਮੀਟਿੰਗ ਵਿੱਚ ਪ੍ਰਮੁੱਖ ਉਦਯੋਗਪਤੀਆਂ, ਵਪਾਰੀਆਂ, ਸੂਖਮ, ਲਘੂ ਤੇ ਦਰਮਿਆਨੇ ਉਦਯੋਗਾਂ (ਐੱਮ ਐੱਸ ਐੱਮ ਈ) ਦੇ ਨੁਮਾਇੰਦਿਆਂ ਅਤੇ ਵਪਾਰਕ ਸੰਗਠਨਾਂ ਦੇ ਆਗੂਆਂ ਨੇ ਭਾਗ ਲਿਆ।ਭਾਰਤ ਸਰਕਾਰ ਦੇ ਨੈਸ਼ਨਲ ਟਰੇਡਰਜ਼ ਵੈਲਫੇਅਰ ਬੋਰਡ ਦੇ ਚੇਅਰਮੈਨ ਸ੍ਰੀ ਸੁਨੀਲ ਜੇ. ਸਿੰਘੀ ਮੁੱਖ ਮਹਿਮਾਨ ਵਜੋਂ ਸ਼ਾਮਲ ਹੋਏ ਅਤੇ ਵਪਾਰੀਆਂ ਨਾਲ ਸਿੱਧਾ ਸੰਵਾਦ ਕੀਤਾ।ਮੀਟਿੰਗ ਨੂੰ ਸੰਬੋਧਨ ਕਰਦਿਆਂ ਸ੍ਰੀ ਸੁਨੀਲ ਜੇ. ਸਿੰਘੀ ਨੇ ਉਦਯੋਗਪਤੀਆਂ ਨੂੰ ਮਿਲ ਰਹੀਆਂ ਫਿਰੌਤੀ ਦੀਆਂ ਧਮਕੀਆਂ 'ਤੇ ਗੰਭੀਰ ਚਿੰਤਾ ਪ੍ਰਗਟ ਕਰਦਿਆਂ ਕਿਹਾ ਕਿ ਅਸੁਰੱਖਿਆ ਦਾ ਮਾਹੌਲ ਨਿਵੇਸ਼ਕਾਂ ਦੇ ਭਰੋਸੇ ਨੂੰ ਪ੍ਰਭਾਵਿਤ ਕਰ ਰਿਹਾ ਹੈ।ਉਨ੍ਹਾਂ ਕਿਹਾ ਕਿ ਪੰਜਾਬ ਵਿੱਚ ਉਦਯੋਗਿਕ ਵਿਕਾਸ ਲਈ ਮਜ਼ਬੂਤ ਅਮਨ-ਕਾਨੂੰਨ ਦੀ ਵਿਵਸਥਾ, ਅਪਰਾਧੀਆਂ ਵਿਰੁੱਧ ਪ੍ਰਭਾਵਸ਼ਾਲੀ ਕਾਰਵਾਈ ਅਤੇ ਵਪਾਰੀਆਂ ਦੀ ਸੁਰੱਖਿਆ ਯਕੀਨੀ ਬਣਾਉਣਾ ਲਾਜ਼ਮੀ ਹੈ।ਉਨ੍ਹਾਂ ਦੱਸਿਆ ਕਿ ਇਨ੍ਹਾਂ ਮੁੱਦਿਆਂ 'ਤੇ ਠੋਸ ਕਾਰਵਾਈ ਦੀ ਮੰਗ ਕਰਦਿਆਂ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੂੰ ਪੱਤਰ ਲਿਖਿਆ ਜਾਵੇਗਾ।ਉਨ੍ਹਾਂ ਅਨੁਸਾਰ, ਨਸ਼ਿਆਂ, ਭ੍ਰਿਸ਼ਟਾਚਾਰ ਤੇ ਅਪਰਾਧ 'ਤੇ ਕਾਬੂ ਪਾਉਣਾ ਪੰਜਾਬ ਦੀ ਆਰਥਿਕ ਤਰੱਕੀ ਲਈ ਅਹਿਮ ਹੈ।ਪ੍ਰਸਿੱਧ ਉਦਯੋਗਪਤੀ ਅਤੇ ਕੰਬਾਈਨ ਨਿਰਮਾਤਾ ਸ੍ਰੀ ਚਰਨ ਸਿੰਘ ਰਹਨਲ ਨੇ ਕਿਹਾ ਕਿ ਵਧਦੇ ਨਿਯਮਕ ਬੋਝ ਕਾਰਨ ਘਰੇਲੂ ਨਿਰਮਾਤਾਵਾਂ ਦੀ ਮੁਕਾਬਲੇਬਾਜ਼ੀ ਪ੍ਰਭਾਵਤ ਹੋ ਰਹੀ ਹੈ ਅਤੇ ਇਸ ਦਾ ਆਰਥਿਕ ਬੋਝ ਆਖ਼ਰਕਾਰ ਕਿਸਾਨਾਂ 'ਤੇ ਪਵੇਗਾ।ਉਨ੍ਹਾਂ ਦੱਸਿਆ ਕਿ ਇੰਜਣ ਤੇ ਐਮੀਸ਼ਨ ਨਿਯਮਾਂ ਦੇ ਨਾਲ-ਨਾਲ ਭਵਿੱਖ ਦੇ ਟ੍ਰੇਮ-4 ਮਾਪਦੰਡਾਂ ਦੀ ਪਾਲਣਾ ਕਰਨ ਲਈ ਮਹਿੰਗੇ ਤਕਨੀਕੀ ਬਦਲਾਅ, ਟੈਸਟਿੰਗ ਤੇ ਸਰਟੀਫਿਕੇਸ਼ਨ 'ਤੇ ਭਾਰੀ ਨਿਵੇਸ਼ ਕਰਨਾ ਪੈ ਰਿਹਾ ਹੈ।

ਉਨ੍ਹਾਂ ਮੰਗ ਕੀਤੀ ਕਿ ਨਿਯਮ ਭਾਰਤੀ ਖੇਤੀਬਾੜੀ ਦੀਆਂ ਅਸਲ ਲੋੜਾਂ ਅਨੁਸਾਰ ਬਣਾਏ ਜਾਣ ਤੇ ਘਰੇਲੂ ਨਿਰਮਾਤਾਵਾਂ ਨੂੰ ਤਕਨੀਕੀ ਤਬਦੀਲੀਆਂ ਲਾਗੂ ਕਰਨ ਲਈ ਢੁੱਕਵਾਂ ਸਮਾਂ ਅਤੇ ਨੀਤੀਗਤ ਸਹਿਯੋਗ ਦਿੱਤਾ ਜਾਵੇ। ਪਰਮਜੀਤ ਸਿੰਘ ਕੈਂਥ ਨੇ ਕਿਹਾ ਕਿ ਉਦਯੋਗਾਂ ਦੀਆਂ ਸਮੱਸਿਆਵਾਂ ਨੂੰ ਅਣਡਿੱਠਾ ਕਰਨ ਨਾਲ ਪੰਜਾਬ ਦੀ ਆਰਥਿਕਤਾ ਅਤੇ ਨੌਜਵਾਨਾਂ ਦੇ ਰੁਜ਼ਗਾਰ 'ਤੇ ਮਾੜਾ ਪ੍ਰਭਾਵ ਪੈ ਸਕਦਾ ਹੈ।ਉਨ੍ਹਾਂ ਕਿਹਾ ਕਿ 'ਵਿਕਸਤ ਭਾਰਤ-2047', 'ਆਤਮਨਿਰਭਰ ਭਾਰਤ' ਅਤੇ 'ਮੇਕ ਇਨ ਇੰਡੀਆ' ਦੇ ਟੀਚਿਆਂ ਨੂੰ ਪੂਰਾ ਕਰਨ ਲਈ ਨਾਭਾ ਦੇ ਕੰਬਾਈਨ, ਫਰਨੀਚਰ, ਰਾਈਸ ਮਿੱਲ ਅਤੇ ਸਪੇਅਰ ਪਾਰਟਸ ਉਦਯੋਗਾਂ ਨੂੰ ਮਜ਼ਬੂਤ ਕਰਨਾ ਜ਼ਰੂਰੀ ਹੈ।ਉਨ੍ਹਾਂ ਕਿਹਾ ਕਿ ਉਦਯੋਗਾਂ ਦੀ ਸੁਰੱਖਿਆ, ਬੁਨਿਆਦੀ ਢਾਂਚੇ ਵਿੱਚ ਸੁਧਾਰ, ਨੀਤੀਗਤ ਰੁਕਾਵਟਾਂ ਦਾ ਹੱਲ ਅਤੇ ਰੁਜ਼ਗਾਰ ਦੇ ਮੌਕਿਆਂ ਵਿੱਚ ਵਾਧਾ ਕਰਨਾ ਸਰਕਾਰ ਦੀਆਂ ਤਰਜੀਹਾਂ ਹੋਣੀਆਂ ਚਾਹੀਦੀਆਂ ਹਨ।

# ਗੁਰੂ ਦੇਸ਼-ਕਾਲ ਦੀਆਂ ਸਰਹੱਦਾਂ ਤੋਂ ਪਰੇ ਇੱਕ ਅਬਿਨਾਸ਼ੀ ਸੱਤਾ : ਸਾਧਵੀ ਭਾਰਤੀ



**ਸੁਨਾਮ ਊਧਮ ਸਿੰਘ ਵਾਲਾ (ਅਸ਼ੋਕ ਬਾਂਸਲ, ਹਾਕਮ ਭੱਟੀ)**-ਦਿਵਯ ਜਯੋਤੀ ਜਾਗ੍ਰਿਤੀ ਸੰਸਥਾਨ ਵੱਲੋਂ ਸੁਨਾਮ ਆਸ਼ਰਮ ਵਿੱਚ ਮਹੀਨਾਵਾਰੀ ਸਤਸੰਗ ਦਾ ਆਯੋਜਨ ਕੀਤਾ ਗਿਆ, ਜਿਸ ਵਿੱਚ ਆਸ਼ੂਤੋਸ਼ ਮਹਾਰਾਜ ਦੀ ਸ਼ਿਸ਼ਯ ਸਾਧਵੀ ਨੀਤੀਵੀਦਾ ਭਾਰਤੀ ਨੇ ਸੰਗਤ ਨੂੰ ਸੰਬੋਧਨ ਕਰਦੇ ਹੋਏ ਕਿਹਾ ਕਿ ਗੁਰੂ ਇਸ ਬ੍ਰਹਿਮੰਡ ਅੰਦਰ ਸਭ ਤੋਂ ਮਹਾਨ ਅਤੇ ਉੱਤਮ ਸ਼ਖਸੀਅਤ ਹੈ। ਗੁਰੂ ਦੇਸ਼ ਅਤੇ ਕਾਲ ਦੀਆਂ ਸਰਹੱਦਾਂ ਤੋਂ ਪਰੇ ਇੱਕ ਅਵਿਨਾਸ਼ੀ ਸੱਤਾ ਹੈ ਪਰ ਇਸ ਸਚਾਈ ਤੋਂ ਉਹੀ ਜਾਣੂ ਹੋ ਸਕਦਾ ਹੈ, ਜੋ ਉਹਨਾਂ ਅੱਗੇ ਨਿਮਰ ਸਮਰਪਣ ਕਰਦਾ ਹੈ। ਇਸ ਲਈ ਯੁਗਾਂ ਯੁਗਾਂ ਤੋਂ ਇਸ ਉਦੇਸ਼ ਦੀ ਪੂਰਤੀ ਲਈ ਗੁਰੂ ਸੇਵਕ ਦੇ ਰਿਸ਼ਤੇ ਦੀ ਮਹਾਨਤਾ ਰਹੀ ਹੈ। ਸੱਚਾ ਗੁਰੂ ਉਹ ਹੈ ਜੋ ਸਮੇਂ-ਸਮੇਂ ਤੇ ਅਧਿਆਤਮਿਕ ਸ਼ਕਤੀ ਦੇ ਭੰਡਾਰ ਦੇ ਰੂਪ ਵਿੱਚ ਅਵਤਾਰ ਧਾਰਨ ਕਰਦਾ ਹੈ ਅਤੇ ਗੁਰੂ ਸੇਵਕ ਪਰੰਪਰਾ ਦੁਆਰਾ ਪੀੜ੍ਹੀ ਦਰ ਪੀੜ੍ਹੀ ਉਸ ਸ਼ਕਤੀ ਨੂੰ ਲੋਕਾਂ ਅੰਦਰ ਸੰਚਾਰਿਤ ਕਰਦਾ ਹੈ। ਉਹਨਾਂ ਕਿਹਾ ਕਿ ਗੁਰੂ ਇੱਕ ਅਜਿਹਾ ਰਾਹ ਦਸੇਰਾ ਹੈ ਜੋ ਰਸਤਾ ਦਿਖਾਉਂਦਾ ਹੈ। ਰਸਤਾ ਬਣਾਉਂਦਾ ਹੈ, ਸਾਡਾ ਹੱਥ ਫੜ ਕੇ ਸਾਨੂੰ ਚਲਾ ਸਕਦਾ ਹੈ ਅਤੇ ਮੁਸ਼ਕਿਲ ਤੋਂ ਮੁਸ਼ਕਿਲ ਪੰਧ ਸਾਨੂੰ ਪਾਰ ਕਰਵਾ ਸਕਦਾ ਹੈ। ਸਾਧਵੀ ਨੇ ਕਿਹਾ ਕਿ ਅੱਜ ਦਾ ਜੋ ਸ਼ਰਧ ਪੂਰਨਿਮਾ ਦਾ ਦਿਨ ਬਹੁਤ ਵਿਸ਼ੇਸ਼ ਹੋਇਆ ਕਰਦਾ ਹੈ। ਇਸ ਦਿਨ ਚੰਦਰਮਾ ਧਰਤੀ ਦੇ ਸਭ ਤੋਂ ਨਜ਼ਦੀਕ ਹੋਇਆ ਕਰਦਾ ਹੈ। ਇਸ ਦਿਨ ਚੰਦਰਮਾ ਦੀ ਕਿਰਨਾਂ ਦਾ ਪ੍ਰਭਾਵ ਖਾਧ ਪਦਾਰਥਾਂ ਤੇ ਸਭ ਤੋਂ ਜ਼ਿਆਦਾ ਅਤੇ ਗਹਿਰਾ ਹੁੰਦਾ ਹੈ ਅੰਤ ਵਿੱਚ ਸਾਧਵੀ ਪਲਕ ਭਾਰਤੀ, ਸਾਧਵੀ ਕਰਮਜੀਤ ਭਾਰਤੀ, ਸਾਧਵੀ ਸੁਖਵੀਰ ਭਾਰਤੀ ਨੇ ਸੁੰਦਰ ਭਜਨਾਂ ਦਾ ਗਾਇਨ ਕਰਕੇ ਸੰਗਤਾਂ ਨੂੰ ਨਿਹਾਲ ਕੀਤਾ।

# ਡਾ. ਸਿਰਸਾ ਤੇ ਭਾਸ਼ਾ ਵਿਭਾਗ ਵੱਲੋਂ ਐਵਾਰਡ ਲਈ ਚੁਣੇ ਲੇਖਕਾਂ ਦਾ ਸਨਮਾਨ



**ਬਠਿੰਡਾ (ਬਖਤੌਰ ਢਿੱਲੋਂ)**

ਲੇਖਕਾਂ ਦੀਆਂ ਉੱਚ ਪੱਧਰ ਦੀਆਂ ਪ੍ਰਾਪਤੀਆਂ ਦੀ ਖ਼ੁਸ਼ੀ ਸਾਂਝੀ ਕਰਨ ਲਈ ਪੰਜਾਬੀ ਸਾਹਿਤ ਸਭਾ ਰਜਿ ਬਠਿੰਡਾ ਵੱਲੋਂ ਟੀਚਰਜ ਹੋਮ ਟਰੱਸਟ ਦੇ ਸਹਿਯੋਗ ਨਾਲ ਟੀਚਰਜ ਹੋਮ ਵਿਖੇ ਇੱਕ ਸ਼ਾਨਦਾਰ ਸਨਮਾਨ ਸਮਾਰੋਹ ਕਰਾਇਆ ਗਿਆ, ਜਿਸਦੀ ਪ੍ਰਧਾਨਗੀ ਡਾ: ਸਤਨਾਮ ਸਿੰਘ ਜੱਸਲ ਨੇ ਕੀਤੀ। ਪ੍ਰਧਾਨਗੀ ਮੰਡਲ ਵਿੱਚ ਕਾ. ਹਰਦੇਵ ਸਿੰਘ ਅਰਸੀ, ਡਾ: ਸੁਖਦੇਵ ਸਿੰਘ ਸਿਰਸਾ, ਅਤਰਜੀਤ ਕਹਾਣੀਕਾਰ, ਗੁਰਦੇਵ ਖੋਖਰ ਤੇ ਲਛਮਣ ਮਲੂਕਾ ਸ਼ਾਮਲ ਸਨ। ਸਭ ਤੋਂ ਪਹਿਲਾਂ ਵਿੱਛੜੇ ਸਾਹਿਤਕਾਰਾਂ ਨੂੰ ਸਰਧਾਂਜਲੀ ਭੇਟ ਕੀਤੀ ਗਈ।

ਸਮਾਗਮ ਦੀ ਸ਼ੁਰੂਆਤ ਅਮਨ ਦਾਤੇਵਾਸੀਆ ਵੱਲੋਂ ਸੰਤ ਰਾਮ ਉਦਾਸੀ ਦੇ ਗੀਤ ਨਾਲ ਹੋਈ। ਟੀਚਰਜ ਹੋਮ ਟਰੱਸਟ ਦੇ ਜਨਰਲ ਸਕੱਤਰ ਸ੍ਰੀ ਲਛਮਣ ਮਲੂਕਾ ਨੇ ਸਭਨਾਂ ਨੂੰ ਜੀ ਆਇਆਂ ਕਿਹਾ। ਸਭਾ ਦੇ ਪ੍ਰਧਾਨ ਸ੍ਰੀ ਜਸਪਾਲ ਮਾਨਖੇੜਾ ਨਾਵਲਕਾਰ ਨੇ ਸਮਾਗਮ ਦੀ ਰੂਪ ਰੇਖਾ ਪੇਸ਼ ਕੀਤੀ। ਇਸ ਉਪਰੰਤ ਸ੍ਰੀ ਬਲਵਿੰਦਰ ਸਿੰਘ ਭੁੱਲਰ ਨੇ ਪੰਜਾਬ ਯੂਨੀਵਰਸਿਟੀ ਦੀਆਂ ਸੈਨੇਟ ਚੋਣਾਂ ਵਿੱਚ ਡਾ. ਸੁਖਦੇਵ ਸਿੰਘ ਸਿਰਸਾ ਦੀ ਹੋਈ ਸ਼ਾਨਦਾਰ ਜਿੱਤ ਤੇ ਭਾਸ਼ਾ ਵਿਭਾਗ ਵੱਲੋਂ ਬਠਿੰਡਾ ਜ਼ਿਲ੍ਹਾ ਤੇ ਆਸ ਪਾਸ ਦੀਆਂ ਛੇ ਸ਼ਖ਼ਸੀਅਤਾਂ ਦੀਆਂ ਪੁਸਤਕਾਂ ਦੀ ਐਵਾਰਡ ਦੇਣ ਲਈ ਕੀਤੀ ਚੋਣ ਦੇ ਆਧਾਰ 'ਤੇ ਉਨ੍ਹਾਂ ਦਾ ਸਨਮਾਨ ਕਰਨ ਬਾਰੇ ਸੰਖੇਪ ਜਾਣਕਾਰੀ ਦਿੱਤੀ। ਸ੍ਰੀ ਜਸਪਾਲ ਮਾਨਖੇੜਾ ਦੇ ਨਾਵਲ 'ਹਵੇਲੀਆਣਾ' ਭੁਪਿੰਦਰ ਮਾਨ ਦੇ ਕਹਾਣੀ ਸੰਗ੍ਰਹਿ 'ਲਾਲ ਰੱਤਾ' ਡਾ. ਨਵਦੀਪ ਕੌਰ ਦੇ ਕਹਾਣੀ ਸੰਗ੍ਰਹਿ 'ਅਹੱਲਿਆ' ਸਮੇਤ ਕੁਲਬੀਰ ਮਲਿਕ ਨੂੰ ਨਾਟਕ, ਸੁਰੇਸ ਹੰਸ ਨੂੰ ਹਿੰਦੀ ਨਾਵਲ ਤੇ ਮਲਕੀਤ ਸਿੰਘ ਮਛਾਨਾ ਦੀ ਉਰਦੂ ਲਿਪੀ ਦੀ ਪੁਸਤਕ ਐਵਾਰਡ ਲਈ ਚੁਣੇ ਜਾਣ ਸਦਕਾ ਉਨ੍ਹਾਂ ਨੂੰ ਸਨਮਾਨਤ ਕੀਤਾ ਗਿਆ।

ਡਾ. ਸੁਖਦੇਵ ਸਿੰਘ ਸਿਰਸਾ ਨੇ ਆਪਣੇ ਭਾਸ਼ਣ ਵਿੱਚ ਦੇਸ ਦੀ ਮੌਜੂਦਾ ਹਾਲਤ ਬਾਰੇ ਬੋਲਦਿਆਂ ਮਹਿਂਗਾਈ, ਨਸ਼ਿਆਂ ਤੇ ਵਧ ਰਹੀ ਫਿਰਕਾਪ੍ਰਸਤੀ 'ਤੇ ਚਿੰਤਾ ਪ੍ਰਗਟ ਕਰਦਿਆਂ ਹੱਕਾਂ ਲਈ ਸੰਘਰਸ਼ ਦਾ ਰਾਹ ਅਖ਼ਤਿਆਰ ਕਰਨ ਦੀ ਲੋੜ 'ਤੇ ਜ਼ੋਰ ਦਿੱਤਾ। ਸ੍ਰੀ ਅਤਰਜੀਤ ਤੇ ਸ੍ਰੀ ਪਰਮਜੀਤ ਰੋਮਾਣਾ ਨੇ ਸਨਮਾਨਤ ਸ਼ਖ਼ਸੀਅਤਾਂ ਨੂੰ ਵਧਾਈ ਦਿੱਤੀ। ਅਖ਼ੀਰ 'ਚ ਪ੍ਰਧਾਨਗੀ ਭਾਸ਼ਣ ਕਰਦਿਆਂ ਡਾ. ਜੱਸਲ ਨੇ ਡਾ. ਸਿਰਸਾ ਲੰਬੇ ਸਮੇਂ ਤੋਂ ਪੰਜਾਬੀ ਭਾਸ਼ਾ ਲਈ ਸਮਰਪਤ ਹੋ ਕੇ ਕੰਮ ਕਰ ਰਹੇ ਹਨ। ਉਨ੍ਹਾਂ ਤੋਂ ਹੋਰ ਵੱਡੀਆਂ ਉਮੀਦਾਂ ਹਨ।

## ਕਬਰਵਾਲਾ ਦਾਣਾ ਮੰਡੀ ਸੜਕ ਬਣੀ ਹਾਦਸਿਆਂ ਦਾ ਕਾਰਨ, ਪ੍ਰਸ਼ਾਸਨ ਚੁੱਪ

**ਮਲੋਟ (ਰਜਿੰਦਰ ਜੁਨੇਜਾ)**-ਪਿੰਡ ਕਬਰਵਾਲਾ ਦੀ ਅਨਾਜ ਮੰਡੀ (ਖਰੀਦ ਕੇਂਦਰ) ਨੂੰ ਜਾਂਦੀ ਸੰਪਰਕ ਸੜਕ ਦੀ ਮਾੜੀ ਹਾਲਤ ਕਾਰਨ ਹਰ ਵੇਲੇ ਕਿਸੇ ਵੱਡੇ ਹਾਦਸੇ ਦਾ ਖ਼ਦਸ਼ਾ ਬਣਿਆ ਹੋਇਆ ਹੈ। ਲੰਬੇ ਸਮੇਂ ਤੋਂ ਖ਼ਸਤਾ ਹਾਲਤ 'ਚ ਪਈ ਇਸ ਸੜਕ ਵੱਲ ਸੰਬੰਧਿਤ ਪ੍ਰਸ਼ਾਸਨ ਵੱਲੋਂ ਧਿਆਨ ਨਾ ਦਿੱਤੇ ਜਾਣ ਕਾਰਨ ਇਲਾਕਾ ਨਿਵਾਸੀਆਂ ਅਤੇ ਕਿਸਾਨਾਂ ਵਿੱਚ ਭਾਰੀ ਰੋਸ ਪਾਇਆ ਜਾ ਰਿਹਾ ਹੈ। ਪਿੰਡ ਦੇ ਸਾਬਕਾ ਸਰਪੰਚ ਸਵਰਨ ਸਿੰਘ ਬੱਲ ਨੇ ਦੱਸਿਆ ਕਿ ਮੰਡੀ ਨੂੰ ਜੋੜਨ ਵਾਲੀ ਇਹ ਲਿੰਕ ਸੜਕ ਸਿਰਫ਼ 10 ਫੁੱਟ ਚੌੜੀ ਹੈ। ਸੜਕ ਬੇਹੱਦ ਤੰਗ ਹੋਣ ਕਰਕੇ ਆਹਮੋ-ਸਾਹਮਣਿਓਂ ਦੋ ਵਾਹਨਾਂ ਦਾ ਇਕੱਠੇ ਲੰਘਣਾ ਲਗਭਗ ਅਸੰਭਵ ਹੋ ਜਾਂਦਾ ਹੈ। ਇਸ ਤੋਂ ਇਲਾਵਾ ਸੜਕ ਦੇ ਦੋਵੇਂ ਕਿਨਾਰਿਆਂ 'ਤੇ ਡੂੰਘੇ ਖੱਡੇ ਪਏ ਹੋਏ ਹਨ ਅਤੇ ਨਾਲ ਲੱਗਦੇ ਖੇਤ ਕਾਫ਼ੀ ਨੀਵੇਂ ਹਨ।ਉਨ੍ਹਾਂ ਦੱਸਿਆ ਕਿ ਮੌਜੂਦਾ ਝੋਨੇ ਦੇ ਖਰੀਦ ਸੀਜ਼ਨ ਦੌਰਾਨ ਮੰਡੀ ਵਿੱਚ ਫ਼ਸਲ ਲਿਆਉਣ ਅਤੇ ਲਿਜਾਣ ਵਾਲੇ ਭਾਰੇ ਟਰੱਕਾਂ ਦੀ ਲਗਾਤਾਰ ਆਵਾਜਾਈ ਰਹਿੰਦੀ ਹੈ। ਅਜਿਹੇ ਹਾਲਾਤ ਵਿੱਚ ਖੱਡਿਆਂ ਕਾਰਨ ਜ਼ਰਾ ਜਿੰਨਾ ਵੀ ਸੰਤੁਲਨ ਵਿਗੜਨ 'ਤੇ ਟਰੱਕ ਸਿੱਧਾ ਨੀਵੇਂ ਖੇਤਾਂ ਵਿੱਚ ਪਲਟ ਸਕਦਾ ਹੈ, ਜਿਸ ਨਾਲ ਕਿਸੇ ਵੇਲੇ ਵੀ ਕੋਈ ਜਾਨੀ ਜਾਂ ਮਾਲੀ ਨੁਕਸਾਨ ਹੋਣ ਦਾ ਡਰ ਬਣਿਆ ਰਹਿੰਦਾ ਹੈ।ਇਲਾਕਾ ਨਿਵਾਸੀਆਂ ਸਮੇਤ ਸਾਬਕਾ ਸਰਪੰਚ ਨੇ ਪੰਜਾਬ ਸਰਕਾਰ ਅਤੇ ਮਾਰਕੀਟ ਕਮੇਟੀ ਦੇ ਉੱਚ ਅਧਿਕਾਰੀਆਂ ਤੋਂ ਮੰਗ ਕੀਤੀ ਹੈ ਕਿ ਇਸ ਸਮੱਸਿਆ ਦੀ ਗੰਭੀਰਤਾ ਨੂੰ ਸਮਝਦੇ ਹੋਏ ਸੜਕ ਦੀ ਤੁਰੰਤ ਮੁਰੰਮਤ ਅਤੇ ਚੌੜਾ ਕਰਨ ਦਾ ਕੰਮ ਸ਼ੁਰੂ ਕੀਤਾ ਜਾਵੇ।

# ਪਰਵਿੰਦਰ ਸਿੰਘ ਝੋਟਾ ਦੇ ਇਨਸਾਫ਼ ਲਈ ਅਕਾਲੀ ਦਲ ਵੱਲੋਂ ਝਾੜੂ ਫੂਕ ਕੇ ਰੋਸ ਪ੍ਰਦਰਸ਼ਨ



**ਜਗਰਾਉਂ (ਨਛੱਤਰ ਸੰਧੂ)**

ਸ਼ਹੀਦ ਭਾਈ ਪਰਵਿੰਦਰ ਸਿੰਘ ਝੋਟਾ ਦੇ ਪਰਵਾਰ ਨੂੰ ਇਨਸਾਫ਼ ਦਿਵਾਉਣ ਦੀ ਮੰਗ ਨੂੰ ਲੈ ਕੇ ਸ਼੍ਰੋਮਣੀ ਅਕਾਲੀ ਦਲ ਦੇ ਕੋਰ ਕਮੇਟੀ ਮੈਂਬਰ ਤੇ ਹਲਕਾ ਜਗਰਾਉਂ ਦੇ ਇੰਚਾਰਜ ਐੱਸ.ਆਰ. ਕਲੇਰ ਦੀ ਅਗਵਾਈ ਹੇਠ ਆਮ ਆਦਮੀ ਪਾਰਟੀ ਦੇ ਚੋਣ ਨਿਸ਼ਾਨ ਝਾੜੂ ਅਤੇ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਦਾ ਪੁਤਲਾ ਫੂਕ ਕੇ ਪੰਜਾਬ ਸਰਕਾਰ ਵਿਰੁੱਧ ਰੋਸ ਪ੍ਰਦਰਸ਼ਨ ਕੀਤਾ ਗਿਆ।ਇਸੇ ਲੜੀ ਤਹਿਤ ਵੱਖ-ਵੱਖ ਪਿੰਡਾਂ ਵਿੱਚ ਵੀ ਅਕਾਲੀ ਆਗੂਆਂ ਤੇ ਵਰਕਰਾਂ ਵੱਲੋਂ ਝਾੜੂ ਫੂਕ ਕੇ ਸਰਕਾਰ ਵਿਰੁੱਧ ਰੋਸ ਜ਼ਾਹਰ ਕੀਤਾ ਗਿਆ।ਅਕਾਲੀ ਆਗੂਆਂ ਨੇ ਸ਼ਹੀਦ ਭਾਈ ਪਰਵਿੰਦਰ ਸਿੰਘ ਝੋਟਾ ਦੇ ਮਾਮਲੇ ਵਿੱਚ ਇਨਸਾਫ਼ ਦੀ ਮੰਗ ਕਰਦਿਆਂ ਪਰਵਾਰ ਤੇ ਐਕਸ਼ਨ ਕਮੇਟੀ ਦੇ ਸੰਘਰਸ਼ ਨੂੰ ਪੂਰਨ ਸਮਰਥਨ ਦੇਣ ਦਾ ਐਲਾਨ ਕੀਤਾ।

ਐੱਸ.ਆਰ. ਕਲੇਰ ਨੇ ਕਿਹਾ ਕਿ ਪੰਜਾਬ ਵਿੱਚੋਂ ਆਏ ਦਿਨ ਬੇਰੁਜ਼ਗਾਰੀ, ਭ੍ਰਿਸ਼ਟਾਚਾਰ ਤੇ ਨਸ਼ਿਆਂ ਨਾਲ ਜੁੜੀਆਂ ਮੰਦਭਾਗੀਆਂ ਖ਼ਬਰਾਂ ਸਾਹਮਣੇ ਆ ਰਹੀਆਂ ਹਨ, ਜੋ ਸੂਬੇ ਦੇ ਮੌਜੂਦਾ ਹਾਲਾਤ 'ਤੇ ਗੰਭੀਰ ਸਵਾਲ ਖੜੇ ਕਰਦੀਆਂ ਹਨ।ਉਨ੍ਹਾਂ ਕਿਹਾ ਕਿ ਪੰਜਾਬ ਅੱਜ ਬੇਰੁਜ਼ਗਾਰੀ, ਭ੍ਰਿਸ਼ਟਾਚਾਰ ਤੇ ਨਸ਼ਿਆਂ ਦੇ ਦਲਦਲ ਵਿੱਚ ਧਸਦਾ ਜਾ ਰਿਹਾ ਹੈ ਅਤੇ ਨਸ਼ਿਆਂ ਕਾਰਨ ਪੰਜਾਬ ਦੀ ਜਵਾਨੀ ਦਾ ਘਾਣ ਹੋਣਾ ਬੇਹੱਦ ਚਿੰਤਾਜਨਕ ਹੈ।ਉਨ੍ਹਾਂ ਕਿਹਾ ਕਿ ਸੂਬੇ ਦੇ ਨੌਜਵਾਨਾਂ ਨੂੰ ਰੁਜ਼ਗਾਰ ਦੇ ਢੁੱਕਵੇਂ ਮੌਕੇ ਮੁਹੱਈਆ ਕਰਾਉਣ, ਭ੍ਰਿਸ਼ਟਾਚਾਰ ਨੂੰ ਠੱਲ੍ਹ ਪਾਉਣ ਅਤੇ ਨਸ਼ਿਆਂ ਦੇ ਖ਼ਾਤਮੇ ਲਈ ਸਰਕਾਰ ਨੂੰ ਠੋਸ ਕਦਮ ਚੁੱਕਣ ਦੀ ਲੋੜ ਹੈ।ਐੱਸ.ਆਰ. ਕਲੇਰ ਨੇ ਕਿਹਾ ਕਿ ਨਸ਼ਿਆਂ ਵਿਰੁੱਧ ਸੰਘਰਸ਼ ਕਰਦਿਆਂ ਆਪਣੀ ਜਾਨ ਗੁਆਉਣ ਵਾਲੇ ਸ਼ਹੀਦ ਭਾਈ ਪਰਵਿੰਦਰ ਸਿੰਘ ਝੋਟਾ ਦੇ ਮਾਮਲੇ ਵਿੱਚ ਪਰਿਵਾਰ ਨੂੰ ਇਨਸਾਫ਼ ਮਿਲਣਾ ਚਾਹੀਦਾ ਹੈ।ਉਨ੍ਹਾਂ ਕਿਹਾ ਕਿ ਇਨਸਾਫ਼ ਦੀ ਆਵਾਜ਼ ਉਠਾਉਣ ਵਾਲੇ ਪਰਿਵਾਰ ਦੀਆਂ ਮੰਗਾਂ ਨੂੰ ਗੰਭੀਰਤਾ ਨਾਲ ਸੁਣਨਾ ਤੇ ਉਨ੍ਹਾਂ ਦਾ ਢੁੱਕਵਾਂ ਨਿਪਟਾਰਾ ਕਰਨਾ ਸਰਕਾਰ ਦੀ ਜ਼ਿੰਮੇਵਾਰੀ ਹੈ।ਪੰਜਾਬ ਦੀ ਜਵਾਨੀ ਨੂੰ ਨਸ਼ਿਆਂ ਤੋਂ ਬਚਾਉਣ ਲਈ ਸਮਾਜ ਦੇ ਹਰ ਵਰਗ ਨੂੰ ਇਕਜੁੱਟ ਹੋ ਕੇ ਯਤਨ ਕਰਨੇ ਚਾਹੀਦੇ ਹਨ।ਉਨ੍ਹਾਂ ਸਪੱਸ਼ਟ ਕੀਤਾ ਕਿ ਸ਼੍ਰੋਮਣੀ ਅਕਾਲੀ ਦਲ ਸ਼ਹੀਦ ਭਾਈ ਪਰਵਿੰਦਰ ਸਿੰਘ ਝੋਟਾ ਦੇ ਪਰਿਵਾਰ ਅਤੇ ਇਸ ਮਾਮਲੇ ਵਿੱਚ ਇਨਸਾਫ਼ ਲਈ ਬਣੀ ਐਕਸ਼ਨ ਕਮੇਟੀ ਦੇ ਨਾਲ ਡਟ ਕੇ ਖੜ੍ਹਾ ਹੈ।ਐਕਸ਼ਨ ਕਮੇਟੀ ਵੱਲੋਂ ਭਵਿੱਖ ਵਿੱਚ ਇਨਸਾਫ਼ ਲਈ ਜੋ ਵੀ ਸੰਘਰਸ਼ੀ ਪ੍ਰੋਗਰਾਮ ਉਲੀਕਿਆ ਜਾਵੇਗਾ, ਸ਼੍ਰੋਮਣੀ ਅਕਾਲੀ ਦਲ ਉਸ ਨੂੰ ਪੂਰਨ ਸਮਰਥਨ ਦੇਵੇਗਾ ਤੇ ਪਾਰਟੀ ਦੇ ਆਗੂ ਤੇ ਵਰਕਰ ਉਸ ਵਿੱਚ ਵਧ-ਚੜ੍ਹ ਕੇ ਸ਼ਮੂਲੀਅਤ ਕਰਨਗੇ।

# ਜਾਗਰੂਕਤਾ ਬਾਹਰੀ ਦਿਖਾਵੇ ਤੱਕ ਸੀਮਤ ਨਹੀਂ ਸਗੋਂ ਵਿਚਾਰਾਂ, ਵਿਹਾਰਾਂ 'ਚ ਵੀ ਦਿਸਣੀ ਜ਼ਰੂਰੀ : ਮਾਤਾ ਸੁਦੀਕਸ਼ਾ



**ਸਮਾਣਾ (ਗੁਰਪਿਆਰ ਸਿੰਘ ਬੱਲ, ਇਕਬਾਲ ਸਿੰਘ ਬੱਲ)**-ਸੁਰਿੰਦਰ ਸਿੰਘ ਐਡਵੋਕੇਟ ਸੰਜੋਜਕ, ਸੰਤ ਨਿਰੰਕਾਰੀ ਮਿਸ਼ਨ ਬ੍ਰਾਂਚ ਨੇ 79ਵੇਂ ਸਾਲਾਨਾ ਸੰਤ ਸਮਾਗਮ ਦੇ ਦੂਜੇ ਦਿਨ ਸਤਿਗੁਰੂ ਮਾਤਾ ਸੁਦੀਕਸ਼ਾ ਜੀ ਮਹਾਰਾਜ ਵੱਲੋਂ ਵਿਸ਼ਾਲ ਮਾਨਵ ਪਰਿਵਾਰ ਨੂੰ ਦਿੱਤੇ ਗਏ ਅਧਿਆਤਮਕ ਸੰਦੇਸ਼ ਦੇ ਸੱਦੇ ਦਾ ਜ਼ਿਕਰ ਕਰਦਿਆਂ ਕਿਹਾ ਕਿ 'ਜਾਗਰੂਕਤਾ ਸਿਰਫ਼ ਬਾਹਰੀ ਦਿਖਾਵੇ ਤੱਕ ਸੀਮਤ ਨਹੀਂ, ਸਗੋਂ ਵਿਚਾਰਾਂ, ਵਿਵਹਾਰਾਂ ਤੇ ਭਾਵਨਾਵਾਂ ਵਿੱਚ ਵੀ ਜਾਗਰੂਰਤਾ ਰਹਿਣੀ ਜ਼ਰੂਰੀ ਹੈ।'

ਸਤਿਗੁਰੂ ਮਾਤਾ ਜੀ ਨੇ ਅਧਿਆਤਮਕ 'ਜਾਗਰੂਤੀ' ਦੇ ਅਸਲ ਅਰਥ ਨੂੰ ਸਪੱਸ਼ਟ ਕਰਦਿਆਂ ਫ਼ੁਰਮਾਇਆ ਕਿ- 'ਜਾਗਰੂਕਤਾ ਸਿਰਫ਼ ਬਾਹਰੀ ਵਿਖਾਵੇ ਤੱਕ ਸੀਮਤ ਨਹੀਂ ਹੋਣੀ ਚਾਹੀਦੀ, ਸਗੋਂ ਵਿਚਾਰਾਂ, ਵਿਵਹਾਰਾਂ ਅਤੇ ਭਾਵਨਾਵਾਂ ਵਿੱਚ ਵੀ ਇਸਦਾ ਅਕਸ ਦਿਖਣਾ ਬਹੁਤ ਜ਼ਰੂਰੀ ਹੈ।ਸਮੇਂ ਦੇ ਨਾਲ ਰੁੜ੍ਹਦੀ ਸੋਚ ਤੇ ਜੀਵਨ-ਸ਼ੈਲੀ ਵਿੱਚ ਹੋਣ ਵਾਲੇ ਬਦਲਾਵਾਂ ਨੂੰ ਸਵੀਕਾਰ ਕਰਦਿਆਂ ਸੱਚ ਨੂੰ ਆਪਣਾ ਆਧਾਰ ਬਣਾਏ ਰੱਖਣਾ ਹੈ' ਭਗਤੀ ਦੀ ਮਹੱਤਤਾ ਨੂੰ ਉਜਾਗਰ ਕਰਦਿਆਂ ਸਤਿਗੁਰੂ ਮਾਤਾ ਜੀ ਨੇ ਸਮਝਾਇਆ ਕਿ ਸੱਚੀ ਭਗਤੀ ਕਿਸੇ ਬਾਹਰੀ ਪਛਾਣ ਦੀ ਮੁਹਤਾਜ ਨਹੀਂ ਹੁੰਦੀ, ਸਗੋਂ ਪ੍ਰੇਮ, ਨਿਮਰਤਾ, ਸਹਿਣਸ਼ੀਲਤਾ ਅਤੇ ਸੱਚ ਨੂੰ ਜੀਵਨ ਵਿੱਚ ਅਪਣਾਉਣ ਨਾਲ ਹੀ ਸਫ਼ਲ ਹੁੰਦੀ ਹੈ।ਸਤਿਸੰਗ ਦੀ ਮਹੱਤਤਾ ਤਾਂ ਹੀ ਹੈ, ਜਦੋਂ ਉੱਥੋਂ ਪ੍ਰਾਪਤ ਸਿੱਖਿਆ ਨੂੰ ਆਪਣੇ ਆਚਰਨ ਵਿੱਚ ਲਿਆਂਦਾ ਜਾਵੇ ਤੇ ਆਤਮ-ਮੰਥਨ ਦੀ ਭਾਵਨਾ ਨਿਰੰਤਰ ਬਣੀ ਰਹੇ।'ਸਤਿਗੁਰੂ ਮਾਤਾ ਜੀ ਦੇ ਸੰਬੋਧਨ ਤੋਂ ਪਹਿਲਾਂ ਨਿਰੰਕਾਰੀ ਰਾਜਪਿਤਾ ਰਮਿਤ ਨੇ ਇੱਕ ਨੇਤਰਹੀਣ ਵਿਅਕਤੀ ਅਤੇ ਲਾਲਟੇਨ ਦੀ ਉਦਾਹਰਣ ਰਾਹੀਂ ਸਮਝਾਇਆ ਕਿ 'ਕੇਵਲ ਗੁਰਮੁਖ ਦਾ ਬਾਹਰੀ ਸਰੂਪ ਧਾਰਨ ਕਰਨਾ ਹੀ ਕਾਫ਼ੀ ਨਹੀਂ ਹੈ, ਸਗੋਂ ਜੀਵਨ ਵਿੱਚ ਬ੍ਰਹਮਗਿਆਨ, ਪ੍ਰੇਮ ਅਤੇ ਸਮਰਪਣ ਦਾ ਦੀਵਾ ਨਿਰੰਤਰ ਜਗਦਾ ਰਹਿਣਾ ਚਾਹੀਦਾ ਹੈ। ਸੇਵਾ, ਸਿਮਰਨ ਅਤੇ ਸਤਿਸੰਗ ਰਾਹੀਂ ਆਪਣੇ ਵਿਚਾਰਾਂ, ਭਾਵਨਾਵਾਂ ਅਤੇ ਆਚਰਨ ਨੂੰ ਲਗਾਤਾਰ ਨਿਖਾਰਨਾ ਹੀ ਸੱਚੀ ਅਧਿਆਤਮਿਕ ਜਾਗਰੂਤੀ ਹੈ।' ਸੰਤ ਸਮਾਗਮ ਵਿੱਚ ਆਧੁਨਿਕ ਤਕਨਾਲੋਜੀ, ਆਕਰਸ਼ਕ ਰੌਸ਼ਨੀ ਪ੍ਰਬੰਧ ਤੇ ਸਿਰਜਣਾਤਮਕ ਪੇਸ਼ਕਾਰੀ ਨਾਲ ਸਜੀ 'ਨਿਰੰਕਾਰੀ ਪ੍ਰਦਰਸ਼ਨੀ' ਸ਼ਰਧਾਲੂਆਂ ਦੇ ਖਿੱਚ ਦਾ ਮੁੱਖ ਕੇਂਦਰ ਬਣੀ ਹੋਈ ਹੈ।ਤਿੰਨ ਭਾਗਾਂ ਵਿੱਚ ਵੰਡੀ ਇਸ ਸੁੰਦਰ ਪ੍ਰਦਰਸ਼ਨੀ ਦਾ ਮੁੱਖ ਭਾਗ ਵਿੱਚ ਮਿਸ਼ਨ ਦੇ ਇਤਿਹਾਸ, ਅਧਿਆਤਮਿਕਤਾ ਦਾ ਵਿਵਰਣ ਅਤੇ ਸਤਿਗੁਰੂ ਮਾਤਾ ਸੁਦੀਕਸ਼ਾ ਜੀ ਮਹਾਰਾਜ ਅਤੇ ਨਿਰੰਕਾਰੀ ਰਾਜਪਿਤਾ ਜੀ ਦੀਆਂ ਮਨੁੱਖੀ ਕਲਿਆਣ ਲਈ ਕੀਤੀਆਂ ਯਾਤਰਾਵਾਂ ਨੂੰ ਆਕਰਸ਼ਕ ਢੰਗ ਨਾਲ ਪੇਸ਼ ਕੀਤਾ ਗਿਆ ਹੈ।ਤਿੰਨ ਵਿਸ਼ੇਸ਼ ਮਾਡਲਾਂ ਰਾਹੀਂ ਸਮਾਗਮ ਦੇ ਮੁੱਖ ਵਿਸ਼ੇ 'ਜਾਗਰੂਤੀ' ਨੂੰ ਦਰਸਾਉਂਦਿਆਂ ਆਤਮ-ਚਿੰਤਨ, ਅਧਿਆਤਮਿਕ ਸਮਝ ਤੇ ਸਕਾਰਾਤਮਕ ਜੀਵਨ-ਦ੍ਰਿਸ਼ਟੀ ਅਪਣਾਉਣ ਦੀ ਪ੍ਰੇਰਣਾ ਦਿੱਤੀ ਗਈ ਹੈ।ਦੂਜਾ ਭਾਗ ਬਾਲ ਪ੍ਰਦਰਸ਼ਨੀ ਰਾਹੀਂ ਬੱਚਿਆਂ ਦੇ ਮਾਨਸਿਕ, ਭਾਵਨਾਤਮਕ ਤੇ ਅਧਿਆਤਮਿਕ ਵਿਕਾਸ 'ਤੇ ਕੇਂਦਰਤ ਹੈ।

# ਰੱਤਾ ਖੇੜਾ ਬਾਜਾ ਕੋਤਵਾਲ ਤੋਂ 18 ਪਰਵਾਰ 'ਆਪ' ਛੱਡ ਕੇ ਕਾਂਗਰਸ 'ਚ ਸ਼ਾਮਲ



**ਮਮਦੋਟ (ਜਸਬੀਰ ਸਿੰਘ ਕੰਬੋਜ)**

ਹਲਕਾ ਫ਼ਿਰੋਜ਼ਪੁਰ ਦਿਹਾਤੀ ਦੇ ਪਿੰਡ ਰੱਤਾ ਖੇੜਾ ਬਾਜਾ ਕੋਤਵਾਲ ਵਿਖੇ ਕਾਂਗਰਸ ਪਾਰਟੀ ਨੂੰ ਉਸ ਸਮੇਂ ਵੱਡਾ ਬਲ ਮਿਲਿਆ, ਜਦੋਂ 18 ਪਰਵਾਰਾਂ ਨੇ ਆਮ ਆਦਮੀ ਪਾਰਟੀ ਨੂੰ ਅਲਵਿਦਾ ਕਹਿ ਕੇ ਕਾਂਗਰਸ ਪਾਰਟੀ ਵਿੱਚ ਸ਼ਾਮਲ ਹੋਣ ਦਾ ਐਲਾਨ ਕੀਤਾ।ਇਸ ਮੌਕੇ ਅਮਰਦੀਪ ਸਿੰਘ ਆਸ਼ੂ ਬੰਗੜ ਇੰਚਾਰਜ ਹਲਕਾ ਫਿਰੋਜ਼ਪੁਰ ਦਿਹਾਤੀ ਨੇ ਕਾਂਗਰਸ ਪਰਵਾਰ ਵਿੱਚ ਸ਼ਾਮਲ ਹੋਏ ਸਾਰੇ ਸਾਥੀਆਂ ਦਾ ਨਿੱਘਾ ਸਵਾਗਤ ਕਰਦਿਆਂ ਸਿਰੋਪਾਓ ਦੇ ਕੇ ਸਨਮਾਨਤ ਕੀਤਾ।

ਉਨ੍ਹਾਂ ਭਰੋਸਾ ਦਿਵਾਇਆ ਕਿ ਪਾਰਟੀ ਵਿੱਚ ਸ਼ਾਮਲ ਹੋਣ ਜਾਂ ਰਹੇ ਪਰਿਵਾਰਾਂ ਨੂੰ ਪਾਰਟੀ ਵਿਚ ਬਣਦਾ ਮਾਣ-ਸਨਮਾਨ ਦਿੱਤਾ ਜਾਵੇਗਾ।ਇਸ ਮੌਕੇ ਪਾਰਟੀ ਵਿੱਚ ਸ਼ਾਮਲ ਹੋਣ ਜਾਂ ਰਹੇ ਪ੍ਰਤਾਪ ਸਿੰਘ, ਦਲਬੀਰ ਸਿੰਘ, ਜਸਬੀਰ ਸਿੰਘ, ਕਮਲਪ੍ਰੀਤ ਸਿੰਘ, ਸਹਿਜਵੀਰ ਸਿੰਘ, ਕਰਨਵੀਰ ਸਿੰਘ, ਗੁਰਵੀਰ ਸਿੰਘ, ਭੁਪਿੰਦਰ ਸਿੰਘ, ਦਿਲਬਾਗ ਸਿੰਘ, ਗੁਰਪ੍ਰੀਤ ਸਿੰਘ, ਸੁਖਰਾਜ ਸਿੰਘ, ਪਿੱਪਲ ਸਿੰਘ, ਸੱਤਪਾਲ ਸਿੰਘ, ਕਾਰਜ ਸਿੰਘ, ਰੇਸ਼ਮ ਸਿੰਘ, ਰਾਜ ਸਿੰਘ, ਸਾਬਕਾ ਸਰਪੰਚ ਬਲਵੰਤ ਸਿੰਘ, ਕਾਲਾ ਸਿੰਘ ਨੇ ਕਿਹਾ ਕਿ ਉਹ ਆਮ ਆਦਮੀ ਪਾਰਟੀ ਦੀਆਂ ਨੀਤੀਆਂ ਤੋਂ ਨਿਰਾਸ਼ ਹੋ ਕੇ ਅਤੇ ਕਾਂਗਰਸ ਪਾਰਟੀ ਦੀਆਂ ਲੋਕ-ਪੱਖੀ ਨੀਤੀਆਂ ਤੋਂ ਪ੍ਰਭਾਵਿਤ ਹੋ ਕੇ ਕਾਂਗਰਸ ਨਾਲ ਜੁੜ ਰਹੇ ਹਨ।ਇਸ ਮੌਕੇ ਅਕਾਸ਼ਦੀਪ ਸਿੰਘ ਵਾਹਕੇ, ਸੁਰਜੀਤ ਸਿੰਘ, ਦਮਣ ਸਿੰਘ, ਸਾਬਕਾ ਸਰਪੰਚ ਰੂਪ ਸਿੰਘ, ਸਰਵਨ ਸਿੰਘ, ਭਾਈ ਗੁਲਾਬ ਸਿੰਘ, ਜਸ਼ਨਦੀਪ ਸਿੰਘ, ਕਵਲਪ੍ਰੀਤ ਸਿੰਘ, ਬਲਾਕ ਪ੍ਰਧਾਨ ਜਗਸੀਰ ਸਿੰਘ ਖੋਸਾ, ਕੋਟ ਕਰੋੜ ਕਲਾਂ ਤੋਂ ਲਖਵਿੰਦਰ ਸਿੰਘ ਜੰਬਰ, ਮਨੀਸ਼ ਸੁਲਹਾਣੀ, ਕਸ਼ਮੀਰ ਸਿੰਘ ਲੋਹਗੜ੍ਹ, ਜਸਮੋਹਿਤ ਸਿੰਘ, ਸਰਪੰਚ ਸੁਲੱਖਣ ਸਿੰਘ ਸੁਲਹਾਣੀ, ਬਿੱਕਰ ਸਿੰਘ, ਕਾਦਾ ਬੋਹੜਾ, ਬਲਵਿੰਦਰ ਸਿੰਘ ਸੋਢੀ ਨਗਰ, ਕੁਲਮੰਦਰ ਸਿੰਘ ਇੱਟਾਂ ਵਾਲੀ ਅਤੇ ਹੋਰ ਕਾਂਗਰਸੀ ਆਗੂ ਹਾਜ਼ਰ ਸਨ।

# ਬਹਾਵਲਪੁਰੀ ਸੱਭਿਆਚਾਰ ਦੀ ਸੰਭਾਲ ਲਈ ਠੋਸ ਕਦਮ ਚੁੱਕਣ ਦੀ ਲੋੜ : ਡਾ. ਹਸੀਜਾ




**ਪਟਿਆਲਾ (ਰਜਿੰਦਰ ਸਿੰਘ ਥਿੰਦ)**

ਇੰਟਰਨੈਟ ਯੁੱਗ ਵਿੱਚ ਬਹਾਵਲਪੁਰੀ ਸੱਭਿਆਚਾਰ ਤੇ ਭਾਸ਼ਾ ਦੀ ਸੰਭਾਲ ਲਈ ਠੋਸ ਤੇ ਵਿਹਾਰਕ ਕਦਮ ਚੁੱਕਣ ਦੀ ਸਖ਼ਤ ਲੋੜ ਹੈ, ਕਿਉਂਕਿ ਕਿਸੇ ਵੀ ਕੌਮ ਜਾਂ ਸਮਾਜ ਦੀ ਅਸਲ ਪਛਾਣ ਉਸ ਦੀ ਮਾਂ-ਬੋਲੀ ਅਤੇ ਸੱਭਿਆਚਾਰ ਵਿੱਚ ਹੁੰਦੀ ਹੈ।ਇਨ੍ਹਾਂ ਵਿਚਾਰਾਂ ਦਾ ਪ੍ਰਗਟਾਵਾ ਭਾਸ਼ਾ ਵਿਭਾਗ ਦੇ ਸਾਬਕਾ ਨਿਰਦੇਸ਼ਕ, ਉੱਘੇ ਲੇਖਕ ਅਤੇ ਤੇ ਬਹਾਵਲਪੁਰ ਸਮਾਜ ਦੀ ਅਜ਼ੀਮ ਸ਼ਖ਼ਸੀਅਤ ਡਾ. ਮਦਨ ਲਾਲ ਹਸੀਜਾ ਨੇ ਕੀਤਾ।ਉਹ ਐਸਕੇ ਤਨੇਜਾ ਦੀ ਅਗਵਾਈ ਵਿੱਚ ਅੰਤਰਰਾਸ਼ਟਰੀ ਬਹਾਵਲਪੁਰ ਵਿਰਾਸਤ ਮੰਚ (ਏਬੀਵੀਐਮ) ਵੱਲੋਂ ਭਾਸ਼ਾ ਭਵਨ ਵਿਖੇ ਕਰਾਏ ਗਏ ਵਿਸ਼ੇਸ਼ ਸੈਮੀਨਾਰ ਦੌਰਾਨ ਆਪਣਾ ਕੁੰਜੀਵਤ ਭਾਸ਼ਣ ਦੇ ਰਹੇ ਸਨ। ਡਾ. ਹਸੀਜਾ ਨੇ ਜ਼ੋਰ ਦਿੰਦਿਆਂ ਕਿਹਾ ਕਿ ਅੱਜ ਦੇਸ਼-ਵਿਦੇਸ਼ ਵਿੱਚ ਬੈਠੀ ਨਵੀਂ ਪੀੜ੍ਹੀ ਆਪਣੀਆਂ ਵਿਰਾਸਤੀ ਜੜ੍ਹਾਂ ਨਾਲੋਂ ਦੂਰ ਹੁੰਦੀ ਜਾ ਰਹੀ ਹੈ।ਜੇਕਰ ਬਹਾਵਲਪੁਰ ਭਾਸ਼ਾ ਤੇ ਸੱਭਿਆਚਾਰ ਦਾ ਲਿਖਤੀ, ਸਾਹਿਤਕ ਤੇ ਡਿਜੀਟਲ ਦਸਤਾਵੇਜ਼ੀਕਰਨ ਨਾ ਕੀਤਾ ਗਿਆ ਤਾਂ ਆਉਣ ਵਾਲੀਆਂ ਪੀੜ੍ਹੀਆਂ ਆਪਣੀ ਇਤਿਹਾਸਕ ਪਛਾਣ ਤੋਂ ਵਾਂਝੀਆਂ ਰਹਿ ਜਾਣਗੀਆਂ।ਜ਼ਿਲ੍ਹਾ ਯੋਜਨਾ ਬੋਰਡ ਦੇ ਚੇਅਰਮੈਨ ਤੇ ਬਹਾਵਲਪੁਰ ਸਮਾਜ ਦੀ ਸ਼ਖ਼ਸੀਅਤ ਤੇਜਿੰਦਰ ਮਹਿਤਾ ਨੇ ਕਿਹਾ ਕਿ ਵਿਰਾਸਤ ਸਿਰਫ਼ ਅਤੀਤ ਦੀ ਕੋਈ ਨਿਸ਼ਾਨੀ ਨਹੀਂ ਹੁੰਦੀ, ਸਗੋਂ ਇਹ ਸਾਡੇ ਵਰਤਮਾਨ ਦੀ ਰੂਹ ਅਤੇ ਭਵਿੱਖ ਦਾ ਮਾਰਗਦਰਸ਼ਕ ਹੁੰਦੀ ਹੈ।ਜਿਹੜੀਆਂ ਕੌਮਾਂ ਆਪਣੀ ਮਾਂ-ਬੋਲੀ ਅਤੇ ਸੱਭਿਆਚਾਰਕ ਵਿਰਾਸਤ ਨੂੰ ਸੰਭਾਲ ਕੇ ਰੱਖਦੀਆਂ ਹਨ, ਉਹ ਸਮੇਂ ਦੇ ਵਹਾਅ ਵਿੱਚ ਵੀ ਆਪਣੀ ਹੋਂਦ ਤੇ ਸਵੈ-ਮਾਣ ਨੂੰ ਕਾਇਮ ਰੱਖਦੀਆਂ ਹਨ।ਬਹਾਵਲਪੁਰੀ ਮਾਤ-ਭਾਸ਼ਾ ਅਤੇ ਅਮੀਰ ਸੱਭਿਆਚਾਰਕ ਵਿਰਾਸਤ ਨੂੰ ਬਚਾਉਣ ਲਈ ਏਬੀਵੀਐਮ ਵੱਲੋਂ ਕੀਤੇ ਗਏ ਯਤਨ ਦੀ ਸ਼ਲਾਘਾ ਕਰਦਿਆਂ ਉਨ੍ਹਾਂ ਵਿਸ਼ਵਾਸ ਦਿਵਾਇਆ ਕਿ ਉਹ ਬਹਾਵਲਪੁਰੀ ਭਾਸ਼ਾ, ਸਾਹਿਤ ਤੇ ਸੱਭਿਆਚਾਰ ਦੀ ਸੰਭਾਲ ਤੇ ਪ੍ਰਚਾਰ-ਪ੍ਰਸਾਰ ਲਈ ਸਰਕਾਰੀ ਅਤੇ ਸਮਾਜਿਕ ਪੱਧਰ 'ਤੇ ਹਰ ਸੰਭਵ ਸਹਿਯੋਗ ਦੇਣਗੇ। ਸੈਮੀਨਾਰ ਦੌਰਾਨ ਭਾਰਤੀ ਬਹਾਵਲਪੁਰ ਮਹਾਸੰਘ ਦੇ ਰਾਸ਼ਟਰੀ ਪ੍ਰਧਾਨ ਸੁਸ਼ੀਲ ਕੁਮਾਰ ਪੋਪਲੀ ਮਹਾਰਾਸ਼ਟਰ ਤੋਂ ਵਿਸ਼ੇਸ਼ ਤੌਰ 'ਤੇ ਵੀਡੀਓ ਕਾਨਫ਼ਰੰਸਿੰਗ ਰਾਹੀਂ ਪ੍ਰੋਗਰਾਮ ਨਾਲ ਜੁੜੇ।ਏਬੀਵੀਐਮ ਦੀ ਸਮੁੱਚੀ ਟੀਮ ਨੂੰ ਸ਼ੁਭਕਾਮਨਾਵਾਂ ਦਿੰਦਿਆਂ ਸ੍ਰੀ ਪੋਪਲੀ ਨੇ ਕਿਹਾ ਕਿ ਬਹਾਵਲਪੁਰ ਸਮਾਜ ਦੇ ਹਿੱਤਾਂ, ਭਾਸ਼ਾ ਅਤੇ ਸੱਭਿਆਚਾਰ ਦੀ ਚੜ੍ਹਦੀ ਕਲਾ ਲਈ ਕੀਤੇ ਜਾਣ ਵਾਲੇ ਹਰੇਕ ਕਾਰਜ ਵਿੱਚ ਸਮੁੱਚੇ ਬਹਾਵਲਪੁਰ ਭਾਈਚਾਰੇ ਨੂੰ ਇਕਜੁਟ ਹੋ ਕੇ ਅੱਗੇ ਆਉਣਾ ਚਾਹੀਦਾ ਹੈ। ਸੈਮੀਨਾਰ ਦੌਰਾਨ ਉੱਘੇ ਭਾਸ਼ਾ ਮਾਹਿਰ ਤੇ ਪੰਜਾਬੀ ਵਿਕੀਮੀਡੀਅਨ ਚਰਨ ਗਿੱਲ ਨੇ ਆਧੁਨਿਕ ਟੈਕਨਾਲੋਜੀ ਦੀ ਮਹੱਤਤਾ 'ਤੇ ਜ਼ੋਰ ਦਿੰਦਿਆਂ ਆਖਿਆ ਕਿ ਡਿਜੀਟਲ ਯੁੱਗ ਵਿੱਚ ਵਿਕੀਪੀਡੀਆ ਜਿਹੇ ਅੰਤਰਰਾਸ਼ਟਰੀ ਇੰਟਰਨੈੱਟ ਪਲੇਟਫ਼ਾਰਮਾਂ 'ਤੇ ਬਹਾਵਲਪੁਰੀ ਭਾਸ਼ਾ, ਸ਼ਬਦਕੋਸ਼ ਅਤੇ ਇਸ ਦੇ ਅਮੀਰ ਇਤਿਹਾਸ ਨੂੰ ਸਦੀਵੀ ਤੌਰ 'ਤੇ ਸੁਰੱਖਿਅਤ ਕਰਨਾ ਸਮੇਂ ਦੀ ਮੁੱਖ ਮੰਗ ਹੈ।

## ਸੰਤੁਲਿਤ ਖਾਦਾਂ ਦੀ ਵਰਤੋਂ ਕਰਨ ਕਿਸਾਨ : ਡਾ. ਗਰਗ



**ਧੂਰੀ (ਮਨੋਹਰ ਸਿੰਘ ਸੱਗੂ, ਮੋਹਿਤ ਗਰਗ)**-ਪੰਜਾਬ ਖੇਤੀਬਾੜੀ ਯੂਨੀਵਰਸਿਟੀ, ਲੁਧਿਆਣਾ ਦੇ ਦਿਸ਼ਾ-ਨਿਰਦੇਸ਼ਾਂ ਹੇਠ ਫਾਰਮ ਸਲਾਹਕਾਰ ਸੇਵਾ ਕੇਂਦਰ, ਸੰਗਰੂਰ ਵੱਲੋਂ ਪਿੰਡ ਹੇੜੀਕੇ ਦੀ ਕੋਆਪ੍ਰੇਟਿਵ ਸੁਸਾਇਟੀ ਵਿਖੇ ਕਿਸਾਨ ਜਾਗਰੂਕਤਾ ਕੈਂਪ ਲਗਾਇਆ ਗਿਆ।ਇਸ ਵਿੱਚ 30 ਤੋਂ ਵੱਧ ਕਿਸਾਨਾਂ ਨੇ ਸ਼ਮੂਲੀਅਤ ਕੀਤੀ।ਕੈਂਪ ਦੌਰਾਨ ਸੀਨੀਅਰ ਪਸਾਰ ਵਿਗਿਆਨੀ ਅਤੇ ਇੰਚਾਰਜ ਡਾ. ਅਸ਼ੋਕ ਕੁਮਾਰ ਗਰਗ ਨੇ ਕਿਸਾਨਾਂ ਨੂੰ ਪਰਾਲੀ ਦਾ ਵਿਗਿਆਨਕ ਪ੍ਰਬੰਧਨ ਕਰਨ ਅਤੇ ਮਿੱਟੀ ਦੀ ਪਰਖ ਅਨੁਸਾਰ ਸੰਤੁਲਿਤ ਖਾਦਾਂ ਵਰਤਣ ਲਈ ਪ੍ਰੇਰਿਤ ਕੀਤਾ।ਉਨ੍ਹਾਂ ਕਿਹਾ ਕਿ ਫਾਸਫੋਰਸ ਦੀ ਪੂਰਤੀ ਲਈ ਡੀ ਏ ਪੀ ਤੋਂ ਇਲਾਵਾ ਐੱਸ ਐੱਸ ਪੀ, ਟੀ ਐੱਸ ਪੀ ਅਤੇ ਐੱਨ ਪੀ ਕੇ ਖਾਦਾਂ ਵੀ ਵਰਤੀਆਂ ਜਾ ਸਕਦੀਆਂ ਹਨ।ਡਾ. ਗਰਗ ਨੇ ਕਣਕ ਦੀਆਂ ਪੀ ਬੀ ਡਬਲਯੂ 887, 872 ਅਤੇ 826 ਸਮੇਤ ਹੋਰ ਸੁਧਰੀਆਂ ਕਿਸਮਾਂ ਬਾਰੇ ਦੱਸਿਆ।ਉਨ੍ਹਾਂ ਦਾਲਾਂ ਤੇ ਤੇਲ ਬੀਜਾਂ ਦੀ ਕਾਸ਼ਤ ਅਪਨਾਉਣ ਦੀ ਸਲਾਹ ਵੀ ਦਿੱਤੀ।ਕੈਂਪ ਦੀ ਸਫ਼ਲਤਾ ਵਿੱਚ ਰਵਿੰਦਰ ਸਿੰਘ, ਕੁਲਦੀਪ ਸਿੰਘ ਅਤੇ ਪਿੰਡ ਦੇ ਕਿਸਾਨਾਂ ਨੇ ਯੋਗਦਾਨ ਪਾਇਆ।

## ਖੇਡਾਂ ਵਤਨ ਪੰਜਾਬ ਦੀਆਂ 'ਚ ਗੁੱਜਰਵਾਲ ਫੁੱਟਬਾਲ ਅਕੈਡਮੀ ਦੀਆਂ ਖਿਡਾਰਨਾਂ ਨੇ ਗੱਡੇ ਜਿੱਤ ਦੇ ਝੰਡੇ



**ਰਾਏਕੋਟ (ਸੰਤੋਖ ਗਿੱਲ)**-ਖੇਡਾਂ ਵਤਨ ਪੰਜਾਬ ਦੀਆਂ ਤਹਿਤ ਮਾਹਿਲਪੁਰ ਵਿੱਚ ਹੋਏ ਮੁਕਾਬਲਿਆਂ ਵਿੱਚ ਗੁੱਜਰਵਾਲ ਫੁੱਟਬਾਲ ਅਕੈਡਮੀ ਦੀਆਂ ਖਿਡਾਰਨਾਂ ਨੇ ਸ਼ਾਨਦਾਰ ਪ੍ਰਦਰਸ਼ਨ ਕਰਦਿਆਂ ਜਿੱਤ ਦੇ ਝੰਡੇ ਗੱਡੇ ਅਤੇ ਪਿੰਡ ਗੁੱਜਰਵਾਲ ਸਮੇਤ ਸਮੁੱਚੇ ਇਲਾਕੇ ਦਾ ਨਾਂ ਰੌਸ਼ਨ ਕੀਤਾ। ਅਕੈਡਮੀ ਦੀਆਂ ਖਿਡਾਰਨਾਂ ਨੇ 14 ਸਾਲ ਤੋਂ ਘੱਟ ਉਮਰ ਵਰਗ ਵਿੱਚ ਜ਼ਿਲ੍ਹਾ ਲੁਧਿਆਣਾ ਵੱਲੋਂ ਖੇਡਦਿਆਂ ਪੰਜਾਬ ਵਿੱਚੋਂ ਪਹਿਲਾ ਸਥਾਨ ਹਾਸਲ ਕੀਤਾ, ਜਦ ਕਿ 17 ਅਤੇ 21 ਸਾਲ ਤੋਂ ਘੱਟ ਉਮਰ ਵਰਗਾਂ ਵਿੱਚ ਦੂਜਾ ਸਥਾਨ ਪ੍ਰਾਪਤ ਕਰਕੇ ਆਪਣੀ ਖੇਡ ਪ੍ਰਤਿਭਾ ਦਾ ਲੋਹਾ ਮਨਵਾਇਆ ਹੈ।ਸਰਬਜੀਤ ਸਿੰਘ ਸੋਨੂੰ ਅਤੇ ਕਮਲਜੀਤ ਸਿੰਘ ਨੇ ਦੱਸਿਆ ਕਿ ਸੰਤ ਬਾਬਾ ਬਲਜਿੰਦਰ ਸਿੰਘ ਰਾੜਾ ਸਾਹਿਬ ਵਾਲਿਆਂ ਦੀ ਪ੍ਰੇਰਨਾ ਅਤੇ ਸੰਤ ਬਾਬਾ ਅਮਰ ਸਿੰਘ ਰਾੜਾ ਸਾਹਿਬ ਵਾਲਿਆਂ ਦੀ ਸਰਪ੍ਰਸਤੀ ਹੇਠ ਚੱਲ ਰਹੀ ਅਕੈਡਮੀ ਦੀਆਂ ਖਿਡਾਰਨਾਂ ਨੇ ਮਿਹਨਤ, ਲਗਨ ਅਤੇ ਖੇਡ ਭਾਵਨਾ ਸਦਕਾ ਇਹ ਮਾਣਮੱਤੀਆਂ ਪ੍ਰਾਪਤੀਆਂ ਕੀਤੀਆਂ ਹਨ। ਖਿਡਾਰਨਾਂ ਦੀ ਇਸ ਕਾਮਯਾਬੀ 'ਤੇ ਅਕੈਡਮੀ ਦੇ ਸਹਿਯੋਗੀਆਂ ਚਰਨਜੀਤ ਸਿੰਘ ਗਰੇਵਾਲ, ਗੁਰਜੀਤ ਸਿੰਘ ਗਰੇਵਾਲ ਅਤੇ ਪਵਿੱਤਰ ਸਿੰਘ ਗਰੇਵਾਲ ਸਮੇਤ ਸਮੂਹ ਪ੍ਰਬੰਧਕਾਂ ਨੇ ਖ਼ੁਸ਼ੀ ਦਾ ਪ੍ਰਗਟਾਵਾ ਕਰਦਿਆਂ ਵਧਾਈ ਦਿੱਤੀ। ਇਸ ਮੌਕੇ ਜਗਪਾਲ ਸਿੰਘ ਗਰੇਵਾਲ, ਹਰਦੀਪ ਸਿੰਘ ਗਰੇਵਾਲ ਸਰਪੰਚ, ਗੁਰਨਾਮ ਕੌਰ ਗਰੇਵਾਲ ਟਰੱਸਟੀ ਰਾੜਾ ਸਾਹਿਬ, ਕੁਲਦੀਪ ਸਿੰਘ, ਹਰਸਿਮਰਨ ਕੌਰ ਪੰਚ, ਪ੍ਰਿੰਸੀਪਲ ਬਲਵਿੰਦਰ ਸਿੰਘ, ਜਗਦੇਵ ਸਿੰਘ ਗਰੇਵਾਲ, ਪ੍ਰਧਾਨ ਦਿਆਲ ਸਿੰਘ ਅਤੇ ਮਾਸਟਰ ਸੁਖਪਾਲ ਸਿੰਘ ਸਮੇਤ ਵੱਡੀ ਗਿਣਤੀ ਵਿੱਚ ਪਤਵੰਤੇ ਹਾਜ਼ਰ ਸਨ।

## ਮਹਿਲਾਵਾਂ ਨੂੰ ਆਤਮ-ਨਿਰਭਰ ਬਣਾਉਣ ਲਈ ਅਰਵਿੰਦ ਖੰਨਾ ਨੇ ਵੰਡੇ 8 ਹੋਰ ਫੂਡ ਕਾਰਟ



**ਭਵਾਨੀਗੜ੍ਹ (ਰਾਜ ਖੁਰਮੀ)**-ਮਹਿਲਾਵਾਂ ਨੂੰ ਆਤਮ-ਨਿਰਭਰ ਬਣਾ ਕੇ ਉਨ੍ਹਾਂ ਦੇ ਜੀਵਨ ਪੱਧਰ ਨੂੰ ਉੱਚਾ ਚੁੱਕਣ ਅਤੇ ਉਨ੍ਹਾਂ ਨੂੰ ਆਪਣੇ ਪੈਰਾਂ 'ਤੇ ਖੜ੍ਹਾ ਕਰਨ ਦੇ ਉਦੇਸ਼ ਨਾਲ ਉਮੀਦ ਸੰਸਥਾ ਵੱਲੋਂ ਚਲਾਏ ਜਾ ਰਹੇ 'ਭੈਣਾਂ ਦੀ ਉਮੀਦ' ਪ੍ਰੋਜੈਕਟ ਤਹਿਤ 8 ਹੋਰ ਫੂਡ ਕਾਰਟਾਂ ਦਾ ਚੌਥਾ ਕਾਫ਼ਲਾ ਰਵਾਨਾ ਕੀਤਾ ਗਿਆ।ਸੰਗਰੂਰ ਸਥਿਤ ਉਮੀਦ ਦਫ਼ਤਰ ਵਿਖੇ ਕਰਵਾਏ ਗਏ ਸਮਾਗਮ ਦੌਰਾਨ ਸੰਸਥਾ ਦੇ ਚੇਅਰਮੈਨ ਅਰਵਿੰਦ ਖੰਨਾ ਨੇ ਲੋੜਵੰਦ ਮਹਿਲਾਵਾਂ ਨੂੰ ਫੂਡ ਕਾਰਟ ਸੌਂਪੇ। ਇਸ ਦੇ ਨਾਲ ਹੀ ਪ੍ਰੋਜੈਕਟ ਤਹਿਤ ਹੁਣ ਤੱਕ ਵੰਡੇ ਗਏ ਫੂਡ ਕਾਰਟਾਂ ਦੀ ਗਿਣਤੀ 29 ਹੋ ਗਈ ਹੈ।ਇਸ ਮੌਕੇ ਅਰਵਿੰਦ ਖੰਨਾ ਨੇ ਕਿਹਾ ਕਿ ਮਹਿਲਾ ਸਸ਼ਕਤੀਕਰਨ ਸਿਰਫ਼ ਇੱਕ ਨਾਅਰਾ ਨਹੀਂ, ਸਗੋਂ ਸਮਾਜ ਦੀ ਤਰੱਕੀ ਅਤੇ ਖ਼ੁਸ਼ਹਾਲੀ ਦੀ ਬੁਨਿਆਦ ਹੈ। ਜਦੋਂ ਕਿਸੇ ਮਹਿਲਾ ਨੂੰ ਆਪਣੇ ਪੈਰਾਂ 'ਤੇ ਖੜ੍ਹੇ ਹੋਣ ਦਾ ਮੌਕਾ ਮਿਲਦਾ ਹੈ ਤਾਂ ਉਹ ਨਾ ਸਿਰਫ਼ ਆਪਣੇ ਪਰਿਵਾਰ ਦੀ ਆਰਥਿਕ ਸਥਿਤੀ ਨੂੰ ਮਜ਼ਬੂਤ ਕਰਦੀ ਹੈ, ਬਲਕਿ ਸਮਾਜ ਦੇ ਵਿਕਾਸ ਵਿੱਚ ਵੀ ਅਹਿਮ ਯੋਗਦਾਨ ਪਾਉਂਦੀ ਹੈ।ਉਨ੍ਹਾਂ ਕਿਹਾ ਕਿ ਜਦੋਂ ਕਿਸੇ ਭੈਣ ਦਾ ਸੁਪਨਾ ਹਕੀਕਤ ਵਿੱਚ ਬਦਲਦਾ ਹੈ ਤਾਂ ਇਸ ਦਾ ਲਾਭ ਸਿਰਫ਼ ਉਸ ਤੱਕ ਸੀਮਤ ਨਹੀਂ ਰਹਿੰਦਾ, ਸਗੋਂ ਪੂਰਾ ਪਰਿਵਾਰ ਆਰਥਿਕ ਤੌਰ 'ਤੇ ਮਜ਼ਬੂਤ ਹੁੰਦਾ ਹੈ। ਇਸ ਮੌਕੇ ਸ਼੍ਰੋਮਣੀ ਅਕਾਲੀ ਦਲ ਦੇ ਜ਼ਿਲ੍ਹਾ ਪ੍ਰਧਾਨ ਤੇਜਿੰਦਰ ਸਿੰਘ ਸੰਘਰੇੜੀ, ਮੀਤ ਪ੍ਰਧਾਨ ਇਕਬਾਲ ਸਿੰਘ ਪੂਨੀਆ, ਪੀ.ਏ.ਸੀ. ਮੈਂਬਰ ਰੁਪਿੰਦਰ ਸਿੰਘ ਰੰਧਾਵਾ, ਧਰਮਿੰਦਰ ਸਿੰਘ ਦੁੱਲਟ ਅਤੇ ਹਰਵਿੰਦਰ ਸਿੰਘ ਕਾਕੜਾ ਤੋਂ ਇਲਾਵਾ ਪ੍ਰੋ. ਅਰੁਣਜੀਤ ਸਿੰਘ ਸਰਾਓ ਵੀ ਮੌਜੂਦ ਸਨ।

## 'ਮੇਰਾ ਘਰ ਮੇਰੇ ਨਾਮ' ਸਕੀਮ ਤਹਿਤ ਯੋਗ ਲਾਭਪਾਤਰੀਆਂ ਨੂੰ ਮਾਲਕਾਨਾ ਹੱਕਾਂ ਦੇ ਕਾਗਜ਼ਾਤ ਵੰਡੇ



**ਫ਼ਤਹਿਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ)**-ਪੰਜਾਬ ਸਰਕਾਰ ਵੱਲੋਂ ਲਾਲ ਲਕੀਰ ਦੇ ਅੰਦਰ ਆਉਂਦੇ ਘਰਾਂ ਵਿੱਚ ਰਹਿਣ ਵਾਲੇ ਲੋਕਾਂ ਨੂੰ ਉਨ੍ਹਾਂ ਦੇ ਘਰਾਂ ਦੇ ਮਾਲਕਾਨਾ ਹੱਕ ਦੇਣਾ ਅਹਿਮ ਕਦਮ ਹੈ।ਇਨ੍ਹਾਂ ਵਿਚਾਰਾਂ ਦਾ ਪ੍ਰਗਟਾਵਾ ਹਲਕਾ ਵਿਧਾਇਕ ਐਡਵੋਕੇਟ ਲਖਬੀਰ ਸਿੰਘ ਰਾਏ ਨੇ ਪਿੰਡ ਰਿਊਣਾ ਉੱਚਾ, ਹਲੋਤਾਲੀ, ਤਾਣਾ, ਰਿਊਣਾ ਉੱਚਾ, ਰਿਊਣਾ ਭੋਲਾ, ਜਿਉਣਪੁਰਾ, ਜਲਵੇੜੀ ਧੂੰਮੀ, ਸਾਧੂਗੜ੍ਹ, ਰਾਮਗੜ੍ਹ ਸੈਣੀਆਂ, ਮਹਿਤਾਬਗੜ੍ਹ ਵਿਖੇ 'ਮੇਰਾ ਘਰ ਮੇਰੇ ਨਾਮ' ਸਕੀਮ ਤਹਿਤ ਯੋਗ ਲਾਭਪਾਤਰੀਆਂ ਨੂੰ ਮਾਲਕਾਨਾ ਹੱਕ ਦੇ ਕਾਗਜ਼ਾਤ ਦੀ ਵੰਡ ਕਰਨ ਮੌਕੇ ਕੀਤਾ।ਵਿਧਾਇਕ ਰਾਏ ਨੇ ਕਿਹਾ ਕਿ ਪੰਜਾਬ ਸਰਕਾਰ ਦੀਆਂ ਲੋਕ ਭਲਾਈ ਯੋਜਨਾਵਾਂ ਦਾ ਲਾਭ ਯੋਗ ਲਾਭਪਾਤਰੀਆਂ ਤੱਕ ਪੁਚਾਉਣਾ ਤੇ ਲੋਕਾਂ ਦੀਆਂ ਸਮੱਸਿਆਵਾਂ ਦਾ ਹੱਲ ਕਰਨਾ ਮਹੱਤਵਪੂਰਨ ਕਦਮ ਹੈ।

## ਦਲਬੀਰ ਯੂ ਕੇ ਦੀ ਲੋਕ ਮਿਲਣੀ ਦੌਰਾਨ ਉੱਮੜਿਆ ਸੈਲਾਬ



**ਪਟਿਆਲਾ (ਰਾਜਿੰਦਰ ਸਿੰਘ ਥਿੰਦ)**-'ਆਪ' ਆਗੂ ਦਲਬੀਰ ਯੂਕੇ ਵੱਲੋਂ ਚਲਾਈ ਲੋਕ ਮਿਲਣੀ ਦੌਰਾਨ ਹਲਕਾ ਘਨੌਰ ਦੇ ਪਿੰਡ ਆਕੜੀ ਵਿਖੇ ਲੋਕ ਮਿਲਣੀ ਦੌਰਾਨ ਲੋਕਾਂ ਦਾ ਭਰਵਾਂ ਇਕੱਠ ਜੁੜਿਆ। ਦਲਬੀਰ ਯੂਕੇ ਨੇ ਕਿਹਾ ਕਿ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਦੂਰਅੰਦੇਸ਼ੀ ਸੋਚ ਅਤੇ ਆਮ ਆਦਮੀ ਪਾਰਟੀ ਦੇ ਕੌਮੀ ਕਨਵੀਨਰ ਸ੍ਰੀ ਅਰਵਿੰਦ ਕੇਜਰੀਵਾਲ ਦੇ ਪਾਰਦਰਸ਼ੀ ਸ਼ਾਸਨ ਮਾਡਲ ਨੂੰ ਘਰ-ਘਰ ਤੱਕ ਪੁਚਾਉਣ ਦੇ ਮਕਸਦ ਨਾਲ ਪਿੰਡ ਆਕੜੀ ਵਿਖੇ ਇੱਕ ਵਿਸ਼ਾਲ ਲੋਕ ਮਿਲਣੀ ਦਾ ਆਯੋਜਨ ਕੀਤਾ ਗਿਆ। ਇਸ ਲੋਕ ਮਿਲਣੀ ਦਾ ਮੁੱਖ ਉਦੇਸ਼ ਪਿੰਡ ਵਾਸੀਆਂ ਦੀਆਂ ਬੁਨਿਆਦੀ ਮੁਸ਼ਕਲਾਂ ਨੂੰ ਸੁਣਨਾ ਤੇ ਉਨ੍ਹਾਂ ਦਾ ਪਹਿਲ ਦੇ ਆਧਾਰ 'ਤੇ ਹੱਲ ਕਰਾਉਣਾ ਹੈ।

## ਮਹਾਂਰਿਸ਼ੀ ਵਾਲਮੀਕਿ ਜਯੰਤੀ 'ਤੇ ਸਾਹਿਤਕ ਸਮਾਗਮ ਤੇ ਕਵੀ ਦਰਬਾਰ



**ਧੂਰੀ (ਮੋਹਿਤ ਗਰਗ, ਮਨੋਹਰ ਸੱਗੂ, ਬਿੰਨੀ ਗਰਗ, ਸੁਖਦੇਵ ਧੂਰੀ)**-ਸਾਹਿਤ ਸਭਾ ਰਜਿ: ਧੂਰੀ ਨੇ ਕੇਂਦਰੀ ਪੰ: ਲੇਖਕ ਸਭਾ ਸੇਖੋਂ ਤੇ ਭਾਈ ਜੀਵਨ ਸਿੰਘ ਸੰਸਥਾ ਦੇ ਸਹਿਯੋਗ ਨਾਲ਼ ਪ੍ਰਧਾਨ ਹਰਚੰਦਪੁਰੀ ਦੀ ਪ੍ਰਧਾਨਗੀ ਹੇਠ ਮਹਾਂਰਿਸ਼ੀ ਵਾਲਮੀਕਿ ਜਯੰਤੀ ਮੌਕੇ ਸਾਹਿਤਿਕ ਸਮਾਗਮ ਤੇ ਕਵੀ ਦਰਬਾਰ ਕਰਵਾਇਆ ਗਿਆ। ਸੰਸਥਾ ਦੇ ਪ੍ਰਧਾਨ ਸੁਰਿੰਦਰ ਸ਼ਰਮਾ ਨਾਗਰਾ ਦੀ ਜਾਣਕਾਰੀ ਮੁਤਾਬਿਕ ਪ੍ਰੋਗਰਾਮ ਦੀ ਸ਼ੁਰੂਆਤ ਕਵੀ ਦਰਬਾਰ ਨਾਲ਼ ਹੋਈ। ਉਪਰੰਤ ਮੁੱਖ ਮਹਿਮਾਨ ਤੇ ਬੁਲਾਰੇ ਡਾ. ਭਗਵੰਤ ਸਿੰਘ ਸੰਗਰੂਰ ਤੇ ਗਿਆਨੀ ਜੰਗੀਰ ਸਿੰਘ ਰਤਨ ਸੁਨਾਮ ਨੇ ਕਵੀ ਵਾਲਮੀਕਿ ਦੇ ਜੀਵਨ 'ਤੇ ਚਾਨਣਾ ਪਾਇਆ। ਉਪਰੰਤ ਹੋਈ ਚਰਚਾ ਅਤੇ ਕਵੀ ਦਰਬਾਰ 'ਚ ਕਰੀਬ ਡੇਢ ਦਰਜਨ ਲੇਖਕਾਂ ਅਤੇ ਕਵੀਆਂ ਨੇ ਭਾਗ ਲਿਆ।ਪਵਨ ਹੋਸ਼ੀ ਦੀ ਪੁਸਤਕ 'ਦਿਲ ਦੇ ਨੇੜੇ' ਲੋਕ ਅਰਪਣ ਕੀਤੀ ਤੇ ਪਵਨ ਹੋਸ਼ੀ ਦਾ ਸਨਮਾਨ ਕੀਤਾ ਗਿਆ। ਸਭਾ ਵੱਲੋਂ ਸਾਹਿਤ ਸਭਾ ਦੀ ਮੈਂਬਰ ਪ੍ਰਿੰਸੀਪਲ ਪ੍ਰੇਮ ਲਤਾ ਸਟੇਟ ਅਵਾਰਡੀ ਨੂੰ ਵਿਸ਼ੇਸ਼ ਤੌਰ 'ਤੇ ਸਨਮਾਨਤ ਕੀਤਾ ਗਿਆ। ਪਵਨ ਹਰਚੰਦਪੁਰੀ ਨੂੰ ਕੇਂਦਰੀ ਪੰਜਾਬੀ ਲੇਖਕ ਸਭਾ (ਸੇਖੋਂ) ਦਾ ਮੁੜ ਪ੍ਰਧਾਨ ਬਣਨ 'ਤੇ ਸਨਮਾਨਤ ਕੀਤਾ। ਮੁੱਖ ਬੁਲਾਰਿਆਂ ਤੇ ਚਰਚਾ ਵਿੱਚ ਭਾਗ ਲੈਣ ਵਾਲਿਆਂ ਨੂੰ ਸ਼ਾਲ, ਸਨਮਾਨ ਚਿੰਨ੍ਹ ਤੇ ਕਿਤਾਬਾਂ ਦੇ ਸੈੱਟ ਦੇ ਕੇ ਸਨਮਾਨਤ ਕੀਤਾ। ਅੰਤ ਵਿੱਚ ਪਵਨ ਹਰਚੰਦਪੁਰੀ ਨੇ ਕੁੰਜੀਵਤ ਭਾਸ਼ਣ ਵਿੱਚ ਮਹਾਂਰਿਸ਼ੀ ਵਾਲਮੀਕਿ ਦੇ ਫਲਸਫੇ ਨੂੰ ਸੰਸਕਾਰ ਤੇ ਮਰਯਾਦਾ ਭਰਪੂਰ ਦੱਸਿਆ। ਸਭਾ ਦੇ ਸਹਾਇਕ ਜਨਰਲ ਸਕੱਤਰ ਅਸ਼ਵਨੀ ਕੁਮਾਰ ਨੇ ਸਟੇਜ ਬਾਖੂਬੀ ਨਿਭਾਈ ਤੇ ਅੰਤ ਵਿੱਚ ਪਰਸਨ ਸਿੰਘ ਬੀਲ੍ਹਾ ਨੇ ਆਏ ਮਹਿਮਾਨਾਂ ਦਾ ਧੰਨਵਾਦ ਕੀਤਾ।

## ਡਾ. ਸੰਜੀਵ ਗੋਇਲ ਭਾਜਪਾ ਦੀ ਟਿਕਟ ਦੇ ਮਜ਼ਬੂਤ ਦਾਅਵੇਦਾਰ

**ਫ਼ਰੀਦਕੋਟ (ਐਲਿਗਜੈਂਡਰ ਡਿਸੂਜਾ)**

ਪੰਜਾਬ ਵਿੱਚ 2027 ਦੀਆਂ ਵਿਧਾਨ ਸਭਾ ਚੋਣਾਂ ਨੂੰ ਲੈ ਕੇ ਸਿਆਸੀ ਹਲਚਲ ਤੇਜ਼ ਹੋ ਗਈ ਹੈ। ਇਸੇ ਦੌਰਾਨ ਫ਼ਰੀਦਕੋਟ ਹਲਕੇ ਤੋਂ ਭਾਰਤੀ ਜਨਤਾ ਪਾਰਟੀ (ਭਾਜਪਾ) ਦੀ ਸੰਭਾਵੀ ਟਿਕਟ ਲਈ ਨਾਮਵਰ ਨੇਤਰ ਰੋਗ ਮਾਹਿਰ ਡਾ. ਸੰਜੀਵ ਗੋਇਲ ਦਾ ਨਾਂ ਪ੍ਰਮੁੱਖਤਾ ਨਾਲ ਸਾਹਮਣੇ ਆ ਰਿਹਾ ਹੈ।ਡਾ. ਗੋਇਲ 2 ਅਗਸਤ 2026 ਨੂੰ ਹਰਿਆਣਾ ਦੇ ਮੁੱਖ ਮੰਤਰੀ ਨਾਇਬ ਸਿੰਘ ਸੈਣੀ ਦੀ ਮੌਜੂਦਗੀ ਵਿੱਚ ਭਾਜਪਾ ਵਿੱਚ ਸ਼ਾਮਲ ਹੋਏ ਸਨ। ਕੇਂਦਰੀ ਮੰਤਰੀ ਮਨੋਹਰ ਲਾਲ ਖੱਟਰ ਸਮੇਤ ਪਾਰਟੀ ਦੀ ਸੀਨੀਅਰ ਲੀਡਰਸ਼ਿਪ ਨਾਲ ਉਨ੍ਹਾਂ ਦੀ ਨੇੜਤਾ ਅਤੇ ਹਾਈਕਮਾਂਡ ਦੇ ਥਾਪੜੇ ਤੋਂ ਬਾਅਦ, ਉਨ੍ਹਾਂ ਨੇ ਸ਼ਹਿਰੀ ਤੇ ਦਿਹਾਤੀ ਖੇਤਰਾਂ ਵਿੱਚ ਸਮਾਜ ਸੇਵਾ ਅਤੇ ਲੋਕ-ਸੰਪਰਕ ਮੁਹਿੰਮ ਨੂੰ ਕਾਫ਼ੀ ਤੇਜ਼ ਕਰ ਦਿੱਤਾ ਹੈ। ਡਾ. ਸੰਜੀਵ ਗੋਇਲ ਅਤੇ ਉਨ੍ਹਾਂ ਦੀ ਧਰਮਪਤਨੀ ਡਾ. ਮਧੂ ਗੋਇਲ (ਮਾਹਿਰ ਗਾਇਨੀਕੋਲੋਜਿਸਟ) ਦਾ ਲੰਬਾ ਪੇਸ਼ੇਵਰ ਤਜਰਬਾ ਸਥਾਨਕ ਲੋਕਾਂ ਵਿੱਚ ਉਨ੍ਹਾਂ ਦੀ ਇੱਕ ਭਰੋਸੇਯੋਗ ਅਤੇ ਸਾਫ਼-ਸੁਥਰੀ ਛਵੀ ਦਾ ਨਿਰਮਾਣ ਕਰਦਾ ਹੈ।

## ਯੂਨੀਵਰਸਿਟੀ 'ਚ ਕਰਵਾਏ ਯੁਵਕ ਮੇਲੇ ਨੇ ਅਮਿੱਟ ਛਾਪ ਛੱਡੀ

**ਪਟਿਆਲਾ (ਰਾਜਿੰਦਰ ਸਿੰਘ ਥਿੰਦ)**




ਪੰਜਾਬ ਦੇ ਵਿੱਤ ਮੰਤਰੀ ਹਰਪਾਲ ਸਿੰਘ ਚੀਮਾ ਨੇ ਮਹਾਰਾਜਾ ਭੁਪਿੰਦਰਾ ਸਪੋਰਟਸ ਯੂਨੀਵਰਸਿਟੀ ਵਿੱਚ ਕਰਵਾਏ ਪਹਿਲੇ ਯੁਵਕ ਮੇਲੇ ਵਿੱਚ ਮੁੱਖ ਮਹਿਮਾਨ ਵਜੋਂ ਸ਼ਿਰਕਤ ਕਰਦਿਆਂ ਐਲਾਨ ਕੀਤਾ ਕਿ ਖਿਡਾਰੀਆਂ ਦੀ ਲੰਮੇ ਸਮੇਂ ਤੋਂ ਚੱਲੀ ਆ ਰਹੀ ਮੰਗ ਨੂੰ ਪੂਰਦਿਆਂ ਪੰਜਾਬ ਪੁਲੀਸ ਵਿੱਚ ਖਿਡਾਰੀਆਂ ਲਈ ਰਾਖਵਾਂਕਰਨ 3 ਫ਼ੀਸਦੀ ਤੋਂ ਵਧਾ ਕੇ 10 ਫ਼ੀਸਦੀ ਕੀਤਾ ਜਾਵੇਗਾ। ਉਨ੍ਹਾਂ ਯੂਨੀਵਰਸਿਟੀ ਦੀ ਤਰੱਕੀ ਲਈ ਹਰ ਸੰਭਵ ਸਹਿਯੋਗ ਦਾ ਵਾਅਦਾ ਕੀਤਾ। ਵਿੱਤ ਮੰਤਰੀ ਨੇ ਕਿਹਾ ਕਿ ਪਹਿਲੀ ਵਾਰ ਵੱਖ-ਵੱਖ ਕਾਲਜਾਂ ਦੇ ਵਿਦਿਆਰਥੀਆਂ ਨੇ ਇਸ ਯੁਵਕ ਮੇਲੇ ਵਿੱਚ ਉਤਸ਼ਾਹ ਨਾਲ ਭਾਗ ਲਿਆ ਹੈ, ਜੋ ਕਿ ਵਿਦਿਆਰਥੀਆਂ ਦੀ ਪ੍ਰਤਿਭਾ ਨੂੰ ਨਿਖਾਰਨ ਵਿੱਚ ਅਹਿਮ ਭੂਮਿਕਾ ਨਿਭਾਉਂਦਾ ਹੈ। ਸੂਬੇ ਦੀ ਸਿਆਸਤ ਬਾਰੇ ਬੋਲਦਿਆਂ ਉਨ੍ਹਾਂ ਭਾਜਪਾ ਦੀਆਂ ਨੀਤੀਆਂ ਨੂੰ ਪੰਜਾਬ ਵਿਰੋਧੀ ਕਰਾਰ ਦਿੱਤਾ ਅਤੇ ਦਾਅਵਾ ਕੀਤਾ ਕਿ 'ਆਪ' ਸਰਕਾਰ ਸੂਬੇ ਦੇ ਕਿਸਾਨਾਂ ਅਤੇ ਹਰ ਵਰਗ ਦੇ ਨਾਲ ਮਜ਼ਬੂਤੀ ਨਾਲ ਖੜ੍ਹੀ ਹੈ। ਇਸ ਮੌਕੇ ਸੰਸਦ ਮੈਂਬਰ ਮੀਤ ਹੇਅਰ ਨੇ ਵੀ ਵਿਚਾਰ ਸਾਂਝੇ ਕੀਤੇ। ਵਾਈਸ ਚਾਂਸਲਰ ਡਾ. ਪੁਸ਼ਪਿੰਦਰ ਸਿੰਘ ਗਿੱਲ ਨੇ ਆਏ ਹੋਏ ਮਹਿਮਾਨਾਂ ਦਾ ਸਵਾਗਤ ਕਰਦਿਆਂ ਦੱਸਿਆ ਕਿ ਇਸ ਯੁਵਕ ਮੇਲੇ ਦਾ ਮੁੱਖ ਉਦੇਸ਼ ਵਿਦਿਆਰਥੀਆਂ ਨੂੰ ਖੇਡਾਂ ਦੇ ਨਾਲ-ਨਾਲ ਸੱਭਿਆਚਾਰਕ ਗਤੀਵਿਧੀਆਂ ਰਾਹੀਂ ਪੰਜਾਬ ਦੇ ਅਮੀਰ ਵਿਰਸੇ ਨਾਲ ਜੋੜਨਾ ਹੈ।

ਇਸ ਯੂਨੀਵਰਸਿਟੀ ਵਿਚ ਹੋਏ ਪਲੇਠੇ ਯੁਵਕ ਮੇਲੇ ਦੌਰਾਨ ਪੰਜਾਬ ਦੇ ਅਮੀਰ ਸੱਭਿਆਚਾਰ ਦੀਆਂ ਵੱਖ-ਵੱਖ ਝਲਕੀਆਂ ਦੇਖਣ ਨੂੰ ਮਿਲੀਆਂ। ਮੇਲੇ ਵਿੱਚ ਗਿੱਧਾ, ਭੰਗੜਾ, ਸਕਿੱਟ, ਮਿਮਿਕਰੀ, ਰਵਾਇਤੀ ਗੀਤ, ਲੋਕ ਗੀਤ ਅਤੇ ਪ੍ਰਦਰਸ਼ਨੀ ਪਹਿਰਾਵੇ ਵਰਗੀਆਂ ਮੰਚੀ ਕਲਾਵਾਂ ਤੋਂ ਇਲਾਵਾ ਭਾਸ਼ਣ ਮੁਕਾਬਲੇ, ਕਵਿਤਾ ਉਚਾਰਣ, ਪੋਸਟਰ ਮੇਕਿੰਗ ਅਤੇ ਕੋਲਾਜ ਮੇਕਿੰਗ ਦੇ ਮੁਕਾਬਲੇ ਕਰਵਾਏ । ਇਸ ਮੌਕੇ ਪੰਜਾਬ ਫੂਡ ਗਰੇਨ ਕਾਰਪੋਰੇਸ਼ਨ ਦੇ ਚੇਅਰਮੈਨ ਬਲਜਿੰਦਰ ਸਿੰਘ ਢਿੱਲੋਂ, ਐੱਸ ਡੀ ਐੱਮ ਗੁਰਦੇਵ ਧਮ, ਪੰਜਾਬੀ ਫ਼ਿਲਮ ਜਗਤ ਦੀਆਂ ਉੱਘੀਆਂ ਸ਼ਖ਼ਸੀਅਤਾਂ ਸੁਨੀਤਾ ਧੀਰ, ਬਿੰਨੂ ਢਿੱਲੋਂ, ਕੰਵਲਜੀਤ ਸਿੰਘ ਢੀਂਡਸਾ, ਸਵਰਨ ਰਟੌਲ ਅਤੇ ਹਾਕੀ ਓਲੰਪੀਅਨ ਰੂਪਾ ਸੈਣੀ ਮੌਜੂਦ ਸਨ। ਗਾਇਕ ਅਤੇ ਅਦਾਕਾਰ ਕਰਮਜੀਤ ਅਨਮੋਲ ਦੀ ਵਿਸ਼ੇਸ਼ ਪੇਸ਼ਕਾਰੀ ਮੇਲੇ ਦਾ ਮੁੱਖ ਆਕਰਸ਼ਨ ਰਹੀ।

## ਪਿੰਡ-ਪਿੰਡ ਲੋਕਾਂ ਦੀ ਗੱਲ ਸੁਣਨਾ ਤੇ ਵਰਕਰਾਂ ਨੂੰ ਨਾਲ ਲੈ ਕੇ ਚੱਲਣਾ ਸਾਡਾ ਉਦੇਸ਼ : ਸੰਜੀਵ ਸ਼ਰਮਾ ਕਾਲੂ



**ਪਟਿਆਲਾ (ਰਾਜਿੰਦਰ ਸਿੰਘ ਥਿੰਦ)**-ਕਾਂਗਰਸ ਦੇ ਪਟਿਆਲਾ ਦਿਹਾਤੀ ਹਲਕੇ ਤੋਂ ਸੰਭਾਵੀ ਉਮੀਦਵਾਰ ਸੰਜੀਵ ਸ਼ਰਮਾ ਕਾਲੂ ਨੂੰ ਲੋਕਾਂ ਦਾ ਭਰਵਾਂ ਹੁੰਗਾਰਾ ਮਿਲ ਰਿਹਾ ਹੈ। ਹਲਕਾ ਪਟਿਆਲਾ ਦਿਹਾਤੀ ਦੇ ਪਿੰਡ ਚਲੈਲਾਂ ਵਿਖੇ ਸੁਖਵਿੰਦਰ ਕੌਰ ਵੱਲੋਂ ਕਰਾਈ ਮੀਟਿੰਗ 'ਚ ਸੰਜੀਵ ਸ਼ਰਮਾ ਕਾਲੂ ਨੇ ਸ਼ਿਰਕਤ ਕੀਤੀ।ਉਨ੍ਹਾਂ ਇਲਾਕਾ ਵਾਸੀਆਂ ਤੇ ਵਰਕਰਾਂ ਨਾਲ ਵਿਚਾਰ-ਵਟਾਂਦਰਾ ਕੀਤਾ ਗਿਆ।ਸੰਜੀਵ ਸ਼ਰਮਾ ਕਾਲੂ ਨੇ ਪਾਰਟੀ ਵਿਚ ਸ਼ਾਮਲ ਹੋਣ ਵਾਲੇ ਨਵੇਂ ਸਾਥੀਆਂ ਦਾ ਸਵਾਗਤ ਕਰਦਿਆਂ ਕਿਹਾ ਕਿ ਕਾਂਗਰਸ ਪਾਰਟੀ ਨੂੰ ਜ਼ਮੀਨੀ ਪੱਧਰ 'ਤੇ ਮਜ਼ਬੂਤ ਕਰਨ ਲਈ ਲੋਕਾਂ ਨਾਲ ਲਗਾਤਾਰ ਸੰਪਰਕ ਬਣਾਈ ਰੱਖਣਾ ਅਤੇ ਹਰ ਵਰਕਰ ਨੂੰ ਨਾਲ ਲੈ ਕੇ ਚੱਲਣਾ ਬੇਹੱਦ ਜ਼ਰੂਰੀ ਹੈ।ਉਨ੍ਹਾਂ ਦਾ ਉਦੇਸ਼ ਹਲਕਾ ਪਟਿਆਲਾ ਦਿਹਾਤੀ ਦੇ ਹਰ ਪਿੰਡ ਤੱਕ ਪਹੁੰਚ ਕਰਨਾ, ਲੋਕਾਂ ਦੀਆਂ ਸਮੱਸਿਆਵਾਂ ਤੇ ਉਮੀਦਾਂ ਨੂੰ ਸਮਝਣਾ ਅਤੇ ਉਨ੍ਹਾਂ ਨਾਲ ਆਪਣੇ ਸੰਬੰਧਾਂ ਨੂੰ ਹੋਰ ਮਜ਼ਬੂਤ ਕਰਨਾ ਹੈ।ਉਨ੍ਹਾਂ ਕਿਹਾ ਕਿ ਵਿਧਾਨ ਸਭਾ ਲੋਕਾਂ ਦੀਆਂ ਸਮੱਸਿਆਵਾਂ ਉਠਾਉਣ ਤੇ ਸਰਕਾਰ ਤੋਂ ਜਵਾਬ ਮੰਗਣ ਦਾ ਸਭ ਤੋਂ ਮਹੱਤਵਪੂਰਨ ਸ਼ੇਰ ਸਿੰਘ, ਸੁਮਨਦੀਪ, ਤੇਜਿੰਦਰ ਸਿੰਘ, ਮੰਗਾ ਮੰਚ ਹੈ।ਮੀਟਿੰਗ ਦੌਰਾਨ ਸੁਖਵਿੰਦਰ ਸਿੰਘ, ਹਰਜੀਤ ਕੌਰ, ਰਾਣੀ, ਰਣਜੀਤ ਕੌਰ, ਪਰਮਜੀਤ ਕੌਰ, ਅਵਤਾਰ ਸਿੰਘ, ਸਨੀ, ਦਲਬਾਰੂ, ਰੁਮਾਲੀ ਕੌਰ ਤੇ ਹੋਰ ਪਾਰਟੀਆਂ ਦੇ ਵਰਕਰ ਸੰਜੀਵ ਸ਼ਰਮਾ ਕਾਲੂ ਦੀ ਅਗਵਾਈ 'ਚ ਕਾਂਗਰਸ ਪਾਰਟੀ ਵਿੱਚ ਸ਼ਾਮਲ ਹੋਏ।ਉਨ੍ਹਾਂ ਕਿਹਾ ਕਿ ਉਹ ਆਪਣੇ ਸਾਥੀਆਂ ਦੇ ਸਹਿਯੋਗ ਨਾਲ ਹਲਕੇ ਦੇ ਹਰ ਪਿੰਡ ਤੇ ਹਰ ਵਰਗ ਦੇ ਲੋਕਾਂ ਤੱਕ ਪਹੁੰਚ ਕਰਨ ਲਈ ਯਤਨਸ਼ੀਲ ਰਹਿਣਗੇ।

## ਇੰਦਰਜੀਤ ਮਾਨ ਨੇ ਵੱਖ-ਵੱਖ ਸਮਾਜਿਕ ਤੇ ਧਾਰਮਿਕ ਪ੍ਰੋਗਰਾਮਾਂ 'ਚ ਕੀਤੀ ਸ਼ਿਰਕਤ



**ਰਾਮਪੁਰਾ ਫੂਲ (ਦਰਸ਼ਨ ਜਿੰਦਲ)**-ਹਲਕਾ ਰਾਮਪੁਰਾ ਫੂਲ ਦੇ ਪਿੰਡ ਭੋਡੀਪੁਰਾ, ਦਿਆਲਪੁਰਾ ਭਾਈਕਾ, ਭਗਤਾ ਭਾਈ ਕਾ, ਗੁੰਮਟੀ ਕਲਾਂ ਅਤੇ ਮਹਿਰਾਜ ਵਿਖੇ ਵੱਖ-ਵੱਖ ਸਮਾਜਿਕ ਅਤੇ ਧਾਰਮਿਕ ਪ੍ਰੋਗਰਾਮਾਂ ਵਿੱਚ ਮਾਰਕਫੈੱਡ ਪੰਜਾਬ ਦੇ ਚੇਅਰਮੈਨ ਅਤੇ ਆਮ ਆਦਮੀ ਪਾਰਟੀ ਦੇ ਸੂਬਾ ਸਕੱਤਰ ਇੰਦਰਜੀਤ ਸਿੰਘ ਮਾਨ ਨੇ ਸ਼ਿਰਕਤ ਕਰਕੇ ਹਾਜ਼ਰੀ ਲਗਵਾਈ। ਇਸ ਦੌਰਾਨ ਉਨ੍ਹਾਂ ਨੇ ਪਿੰਡਾਂ ਦੇ ਲੋਕਾਂ ਨਾਲ ਮੁਲਾਕਾਤ ਕੀਤੀ ਅਤੇ ਉਨ੍ਹਾਂ ਦੀਆਂ ਖੁਸ਼ੀਆਂ ਤੇ ਦੁੱਖ-ਸੁੱਖ ਵਿੱਚ ਸ਼ਰੀਕ ਹੋ ਕੇ ਆਪਣੀ ਸਾਂਝ ਅਤੇ ਅਪਣੱਤ ਦਾ ਪ੍ਰਗਟਾਵਾ ਕੀਤਾ।ਇਸ ਮੌਕੇ ਸੰਬੋਧਨ ਕਰਦਿਆਂ ਇੰਦਰਜੀਤ ਸਿੰਘ ਮਾਨ ਨੇ ਕਿਹਾ ਕਿ ਹਲਕਾ ਰਾਮਪੁਰਾ ਫੂਲ ਉਨ੍ਹਾਂ ਲਈ ਸਿਰਫ਼ ਇੱਕ ਸਿਆਸੀ ਹਲਕਾ ਨਹੀਂ, ਸਗੋਂ ਇੱਕ ਪਰਵਾਰ ਹੈ।ਉਨ੍ਹਾਂ ਕਿਹਾ ਕਿ ਲੋਕਾਂ ਨਾਲ ਉਨ੍ਹਾਂ ਦਾ ਰਿਸ਼ਤਾ ਸਿਰਫ਼ ਸਿਆਸੀ ਨਹੀਂ, ਸਗੋਂ ਪਿਆਰ, ਵਿਸ਼ਵਾਸ ਅਤੇ ਆਪਸੀ ਸਾਂਝ 'ਤੇ ਆਧਾਰਿਤ ਹੈ। ਉਹ ਹਮੇਸ਼ਾ ਆਪਣੇ ਹਲਕੇ ਦੇ ਲੋਕਾਂ ਦੇ ਨਾਲ ਖੜ੍ਹੇ ਹਨ ਅਤੇ ਲੋਕਾਂ ਦੀ ਖ਼ੁਸ਼ੀ-ਗਮੀ ਵਿੱਚ ਸ਼ਾਮਲ ਹੋਣਾ ਆਪਣੀ ਜ਼ਿੰਮੇਵਾਰੀ ਸਮਝਦੇ ਹਨ।

## ਮਿਸ਼ਨ ਆਗੂਆਂ ਵੱਲੋਂ ਨਵ-ਨਿਯੁਕਤ ਮੈਨੇਜਰ ਗੁਰਪ੍ਰੀਤ ਸਿੰਘ ਖੈਰਾਬਾਦ ਨਾਲ ਮੁਲਾਕਾਤ

**ਸ੍ਰੀ ਮੁਕਤਸਰ ਸਾਹਿਬ (ਸ਼ਮਿੰਦਰ ਪਾਲ, ਪੂਜਾ)**



ਮੁਕਤਸਰ ਵਿਕਾਸ ਮਿਸ਼ਨ ਦੇ ਉੱਚ ਪੱਧਰੀ ਵਫ਼ਦ ਨੇ ਜਗਦੀਸ਼ ਰਾਏ ਢੋਸੀਵਾਲ ਦੀ ਅਗਵਾਈ ਹੇਠ ਸ੍ਰੀ ਦਰਬਾਰ ਸਾਹਿਬ ਦੇ ਨਵ ਨਿਯੁਕਤ 67ਵੇਂ ਮੈਨੇਜਰ ਗੁਰਪ੍ਰੀਤ ਸਿੰਘ ਖੈਰਾਬਾਦ ਨਾਲ ਉਨ੍ਹਾਂ ਦੇ ਦਫਤਰ ਵਿਖੇ ਮੁਲਾਕਾਤ ਕੀਤੀ।ਵਫ਼ਦ ਵਿਚ ਮਿਸ਼ਨ ਦੇ ਚੇਅਰਮੈਨ ਨਿਰੰਜਣ ਸਿੰਘ ਰੱਖਰਾ, ਜਨਰਲ ਸਕੱਤਰ ਡਾ. ਜਸਵਿੰਦਰ ਸਿੰਘ, ਸਹਾਇਕ ਸਕੱਤਰ ਗੁਰਪਾਲ ਸਿੰਘ ਪਾਲੀ, ਸਲਾਹਕਾਰ ਕੇ.ਐੱਲ. ਮਹਿੰਦਰਾ, ਸੀਨੀਅਰ ਮੈਂਬਰ ਜਗਦੀਸ਼ ਕੁਮਾਰ ਜੇ.ਈ. ਅਤੇ ਮਿਸ਼ਨ ਫੋਟੋ ਗ੍ਰਾਫਰ ਨਰਿੰਦਰ ਕਾਕਾ ਮੌਜੂਦ ਸਨ।

ਵਫ਼ਦ ਵੱਲੋਂ ਖੈਰਾਬਾਦ ਨੂੰ ਆਪਣਾ ਅਹੁਦਾ ਸੰਭਾਲਣ 'ਤੇ ਵਧਾਈ ਦਿੱਤੀ ਤੇ ਗੁਲਦਸਤਾ ਭੇਟ ਕਰਕੇ ਉਨ੍ਹਾਂ ਨੂੰ ਜੀ ਆਇਆਂ ਕਿਹਾ।ਜ਼ਿਕਰਯੋਗ ਹੈ ਕਿ ਗੁਰਪ੍ਰੀਤ ਸਿੰਘ ਖੈਰਾਬਾਦ ਸ੍ਰੀ ਦਰਬਾਰ ਸਾਹਿਬ ਦਾ ਅਹੁਦਾ ਸੰਭਾਲਣ ਵਾਲੇ ਦੂਜੇ ਸਭ ਤੋਂ ਘੱਟ ਉਮਰ ਦੇ ਮੈਨੇਜਰ ਹਨ।ਉਹ ਕਰੀਬ ਪਿਛਲੇ ਚੌਵੀ ਸਾਲਾਂ ਤੋਂ ਗੁਰੂ ਘਰ ਨਾਲ ਜੁੜੇ ਹੋਏ ਹਨ ਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵਿਚ ਸੇਵਾ ਨਿਭਾਉਂਦੇ ਆ ਰਹੇ ਹਨ।ਉਨ੍ਹਾਂ ਨੇ ਸ੍ਰੀ ਅੰਮ੍ਰਿਤਸਰ ਸਾਹਿਬ ਤੋਂ ਪ੍ਰਮੋਟ ਹੋ ਕੇ ਸਥਾਨਕ ਸ੍ਰੀ ਦਰਬਾਰ ਸਾਹਿਬ ਦੇ ਮੈਨੇਜਰ ਵਜੋਂ ਅਹੁਦਾ ਸੰਭਾਲਿਆ ਹੈ।ਮੁਲਾਕਾਤ ਦੌਰਾਨ ਪ੍ਰਧਾਨ ਢੋਸੀਵਾਲ ਨੇ ਆਪਣੀ ਸੰਸਥਾ ਵੱਲੋਂ ਕੀਤੇ ਜਾ ਰਹੇ ਸਮਾਜ ਸੇਵਾ ਦੇ ਕਾਰਜਾਂ ਬਾਰੇ ਸੰਖੇਪ ਵਿੱਚ ਜਾਣਕਾਰੀ ਦਿੱਤੀ, ਜਿਸ ਨੂੰ ਮੈਨੇਜਰ ਸਾਹਿਬ ਨੇ ਗੰਭੀਰਤਾ ਨਾਲ ਸੁਣਿਆ ਤੇ ਖੁਸ਼ੀ ਦਾ ਪ੍ਰਗਟਾਵਾ ਕੀਤਾ।ਗੁਰਪ੍ਰੀਤ ਸਿੰਘ ਖੈਰਾਬਾਦ ਨੇ ਕਿਹਾ ਕਿ ਮੁਕਤਸਰ ਵਿਕਾਸ ਮਿਸ਼ਨ ਵਰਗੀਆਂ ਗੈਰ ਸਰਕਾਰੀ ਸਮਾਜ ਸੇਵੀ ਸੰਸਥਾਵਾਂ ਸਮੁੱਚੇ ਸਮਾਜ ਦਾ ਮਾਰਗ ਦਰਸ਼ਕ ਕਰਦੀਆਂ ਹਨ।

## ਭਾਈ ਕਰਮ ਸਿੰਘ ਤੇ ਭਾਈ ਪ੍ਰਤਾਪ ਸਿੰਘ ਦੀ ਸ਼ਹਾਦਤ ਮਨੁੱਖੀ ਅਧਿਕਾਰਾਂ ਲਈ ਸੰਘਰਸ਼ ਦਾ ਪ੍ਰਤੀਕ ਬਣੀ : ਪ੍ਰੋ. ਬਡੂੰਗਰ

**ਪਟਿਆਲਾ (ਰਾਜਿੰਦਰ ਸਿੰਘ ਥਿੰਦ)**-ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਸਾਬਕਾ ਪ੍ਰਧਾਨ ਪ੍ਰੋ. ਕਿਰਪਾਲ ਸਿੰਘ ਬਡੂੰਗਰ ਨੇ ਗੱਡੀ ਪੰਜਾ ਸਾਹਿਬ ਦੇ ਮਹਾਨ ਸੂਰਬੀਰ ਸ਼ਹੀਦ ਭਾਈ ਕਰਮ ਸਿੰਘ ਤੇ ਭਾਈ ਪ੍ਰਤਾਪ ਸਿੰਘ ਯਾਦ ਕਰਦਿਆਂ ਕਿਹਾ ਕਿ ਸਾਕਾ ਪੰਜਾ ਸਾਹਿਬ ਸ਼ਾਂਤਮਈ ਤੇ ਅਹਿੰਸਕ ਅੰਦੋਲਨ ਰਾਹੀਂ ਹੱਕਾਂ ਤੇ ਮਨੁੱਖੀ ਅਧਿਕਾਰਾਂ ਲਈ ਸੰਘਰਸ਼ ਦਾ ਪ੍ਰਤੀਕ ਸੀ ਅਤੇ ਇਸ ਦੌਰਾਨ ਮਹੰਤਾਂ ਖਿਲਾਫ਼ ਚੱਲ ਰਹੇ ਸੰਘਰਸ਼ ਦੌਰਾਨ ਮੋਰਚਾ ਗੁਰੂ ਬਾਗ ਦੌਰਾਨ ਸਿੱਖੀ ਸਿਧਾਂਤਾਂ ਤੇ ਭਾਈ ਕਰਮ ਸਿੰਘ ਅਤੇ ਭਾਈ ਪ੍ਰਤਾਪ ਸਿੰਘ ਨੇ ਦ੍ਰਿੜਤਾ ਨਾਲ ਪਹਿਰਾ ਦਿੰਦਿਆਂ ਭੁੱਖੇ ਕੈਦੀਆਂ ਨੂੰ ਲੰਗਰ ਛਕਾਉਣ ਲਈ ਆਪਣੀ ਸ਼ਹਾਦਤ ਦਿੱਤੀ, ਜੋ ਗੱਡੀ ਅੱਗੇ ਲੇਟ ਕੇ ਆਪਣਾ ਆਪ ਕੁਰਬਾਨ ਕਰ ਗਏ। ਪ੍ਰੋ. ਬਡੂੰਗਰ ਨੇ ਕਿਹਾ ਕਿ ਇਹ ਘਟਨਾ 30 ਅਕਤੂਬਰ 1922 ਦੀ ਹੈ, ਜਦੋਂ ਹਸਨ ਅਬਦਾਲ ਰੇਲਵੇ ਸਟੇਸ਼ਨ ਤੇ ਗੱਡੀ ਰੁਕਵਾ ਕੇ ਭੁੱਖੇ ਕੈਦੀਆਂ ਨੂੰ ਲੰਗਰ ਛਕਾਉਣ ਦਾ ਪ੍ਰਬੰਧ ਕੀਤਾ। ਜਦੋਂ ਸਟੇਸ਼ਨ ਮਾਸਟਰ ਨੇ ਰੇਲ ਗੱਡੀ ਰੋਕਣ ਤੋਂ ਇਨਕਾਰ ਕੀਤਾ ਤਾਂ ਤੇ ਗੱਡੀ ਭਾਈ ਕਰਮ ਸਿੰਘ ਅਤੇ ਭਾਈ ਪ੍ਰਤਾਪ ਸਿੰਘ ਨੂੰ ਕੁਚਲਦੀ ਹੋਈ ਰੁਕੀ। ਪ੍ਰੋ. ਬਡੂੰਗਰ ਨੇ ਕਿਹ ਕਿ ਸਿੱਖ ਇਤਿਹਾਸ ਮਹਾਨ ਕੁਰਬਾਨੀਆਂ ਨਾਲ ਭਰਿਆ ਤੇ ਅਜਿਹੀਆਂ ਘਟਨਾਵਾਂ ਹਰ ਮਨੁੱਖ ਨੂੰ ਆਪਣੇ ਧਰਮ ਅੰਦਰ ਸਿੱਖ ਸਿਧਾਂਤਾਂ ਅਤੇ ਦ੍ਰਿੜਤਾ ਨਾਲ ਪਹਿਰਾ ਦੇਣ ਲਈ ਪ੍ਰੇਰਦੀਆਂ ਹਨ। ਉਨ੍ਹਾਂ ਕਿਹਾ ਕਿ ਅੱਜ ਅਦੁੱਤੀ ਸੰਘਰਸ਼ ਤੇ ਲਾਸਾਨੀ ਸ਼ਹੀਦੀਆਂ ਨੂੰ ਆਪਣੀ ਪ੍ਰੇਰਣਾ ਦਾ ਮਾਰਗ ਬਣਾਈਏ।

## ਕ੍ਰਾਂਤੀਕਾਰੀ ਲੋਕ ਚੇਤਨਾ ਮੰਚ ਦੇ ਆਗੂਆਂ ਨੇ ਝਾੜੂ ਸਾੜੇ



**ਧੂਰੀ (ਮੋਹਿਤ ਗਰਗ, ਮਨੋਹਰ ਸੱਗੂ, ਬਿੰਨੀ ਗਰਗ)**-ਕ੍ਰਾਂਤੀਕਾਰੀ ਲੋਕ ਚੇਤਨਾ ਮੰਚ ਤੇ ਸ਼ਹਿਰ ਦੇ ਹੋਰ ਸਾਥੀਆਂ ਵੱਲੋਂ ਸੰਗਰੂਰ ਬਾਈਪਾਸ ਵਿਖੇ ਝਾੜੂਆਂ ਨੂੰ ਅੱਗ ਲਾ ਕੇ ਸਾੜਿਆ ਗਿਆ ਅਤੇ ਸ਼ਹੀਦ ਪਰਵਿੰਦਰ ਸਿੰਘ ਝੋਟਾ ਜਿਸ ਨੂੰ ਕਿ ਮਾਨਸਾ ਵਿਖੇ ਨਸ਼ਿਆਂ ਨੂੰ ਰੋਕਣ ਤੇ ਇੱਕ ਮੈਡੀਕਲ ਸਟੋਰ ਤੇ ਗੋਲੀਆਂ ਮਾਰ ਕੇ ਕਤਲ ਕਰ ਦਿੱਤਾ ਗਿਆ ਤੇ ਉਸਦੇ ਕੁਝ ਸਾਥੀਆਂ ਨੂੰ ਜ਼ਖਮੀ ਕਰ ਦਿੱਤਾ ਗਿਆ।ਕ੍ਰਾਂਤੀਕਾਰੀ ਲੋਕ ਚੇਤਨਾ ਮੰਚ ਦੇ ਕੌਮੀ ਪ੍ਰਧਾਨ ਤੇ ਸੀਨੀਅਰ ਬੀਜੇਪੀ ਆਗੂ ਵਿੱਕੀ ਪਰੋਚਾ ਨੇ ਕਿਹਾ ਕਿ ਸ਼ਹੀਦ ਪਰਵਿੰਦਰ ਸਿੰਘ ਝੋਟਾ ਕਈ ਸਾਲਾਂ ਤੋਂ ਨਸ਼ਾ ਰੋਕੂ ਮੁਹਿਮ ਤੇ ਕੰਮ ਕਰ ਰਿਹਾ ਸੀ।ਪੰਜਾਬ ਅੰਦਰ ਜੋ ਨੌਜਵਾਨ ਨਸ਼ੇ ਨੂੰ ਰੋਕ ਰਹੇ ਹਨ, ਉਨ੍ਹਾਂ 'ਤੇ ਗੋਲੀਆਂ ਚਲਾਈਆਂ ਜਾ ਰਹੀਆਂ ਹਨ ਅਤੇ ਪੰਜਾਬ ਸਰਕਾਰ ਨਸ਼ਾ ਵੇਚਣ ਵਾਲਿਆਂ ਤੇ ਕਾਤਲਾਂ ਦੀ ਮਦਦ ਕਰ ਰਹੀ ਹੈ।ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਨਸ਼ਿਆਂ ਨੂੰ ਰੋਕਣ ਵਿੱਚ ਫੇਲ ਰਹੀ ਹੈ ਅਤੇ ਨਿੱਤ ਨੌਜਵਾਨ ਨਸ਼ਿਆਂ ਕਾਰਨ ਮਰ ਰਹੇ ਹਨ। ਉਨ੍ਹਾਂ ਝੋਟੇ ਦੇ ਪਰਿਵਾਰ ਨੂੰ ਇਨਸਾਫ ਦੇਣ ਦੀ ਮੰਗ ਕਰਦਿਆਂ ਅਗਾਮੀ ਦਿਨਾਂ 'ਚ ਸੰਘਰਸ਼ ਪ੍ਰਚੰਡ ਕਰਨ ਦੀ ਚੇਤਾਵਨੀ ਵੀ ਦਿੱਤੀ।

## ਸੁਚੱਜੇ ਪਰਾਲੀ ਪ੍ਰਬੰਧਨ ਨੂੰ ਤਰਜੀਹ ਦੇਣ ਕਿਸਾਨ : ਡੀ ਸੀ

**ਸ੍ਰੀ ਮੁਕਤਸਰ ਸਾਹਿਬ (ਸ਼ਮਿੰਦਰਪਾਲ, ਪੂਜਾ)**-ਡਿਪਟੀ ਕਮਿਸ਼ਨਰ ਸ੍ਰੀ ਅਮਿਤ ਕੁਮਾਰ ਪੰਚਾਲ ਨੇ ਕਿਸਾਨਾਂ ਨੂੰ ਅਪੀਲ ਕੀਤੀ ਕਿ ਉਹ ਝੋਨੇ ਦੀ ਪਰਾਲੀ ਨੂੰ ਅੱਗ ਲਾਉਣ ਤੋਂ ਗੁਰੇਜ਼ ਕਰਨ ਤੇ ਪਰਾਲੀ ਦੇ ਸੁਚੱਜੇ ਪ੍ਰਬੰਧਨ ਲਈ ਖੇਤੀਬਾੜੀ ਵਿਭਾਗ ਵੱਲੋਂ ਦੱਸੇ ਗਏ ਤਰੀਕਿਆਂ ਨੂੰ ਅਪਣਾਉਣ।

ਉਨ੍ਹਾਂ ਕਿਹਾ ਕਿ ਪਰਾਲੀ ਨੂੰ ਅੱਗ ਲਾਉਣ ਨਾਲ ਵਾਤਾਵਰਣ ਪ੍ਰਦੂਸ਼ਿਤ ਹੁੰਦਾ ਹੈ ਤੇ ਇਸ ਨਾਲ ਮਿੱਟੀ ਦੀ ਉਪਜਾਊ ਸ਼ਕਤੀ 'ਤੇ ਵੀ ਮਾੜਾ ਪ੍ਰਭਾਵ ਪੈਂਦਾ ਹੈ।ਡਿਪਟੀ ਕਮਿਸ਼ਨਰ ਨੇ ਕਿਹਾ ਕਿ ਪਰਾਲੀ ਨੂੰ ਅੱਗ ਲਗਾਉਣ ਨਾਲ ਪੈਦਾ ਹੋਣ ਵਾਲਾ ਧੂੰਆਂ ਮਨੁੱਖਾਂ ਤੇ ਪਸ਼ੂਆਂ ਦੀ ਸਿਹਤ ਲਈ ਨੁਕਸਾਨਦੇਹ ਹੈ।ਇਸ ਤੋਂ ਇਲਾਵਾ ਅੱਗ ਲੱਗਣ ਕਾਰਨ ਮਿੱਟੀ ਵਿੱਚ ਮੌਜੂਦ ਲਾਭਕਾਰੀ ਸੂਖਮ ਜੀਵ ਵੀ ਨਸ਼ਟ ਹੋ ਜਾਂਦੇ ਹਨ ਅਤੇ ਵਾਤਾਵਰਣ ਦਾ ਸੰਤੁਲਨ ਵਿਗੜਦਾ ਹੈ।ਇਸ ਲਈ ਕਿਸਾਨਾਂ ਨੂੰ ਵਾਤਾਵਰਣ ਦੀ ਸੰਭਾਲ ਅਤੇ ਆਉਣ ਵਾਲੀਆਂ ਪੀੜ੍ਹੀਆਂ ਦੇ ਸਿਹਤਮੰਦ ਭਵਿੱਖ ਲਈ ਪਰਾਲੀ ਨੂੰ ਅੱਗ ਲਾਉਣ ਤੋਂ ਬਚਣਾ ਚਾਹੀਦਾ ਹੈ।ਡਿਪਟੀ ਕਮਿਸ਼ਨਰ ਨੇ ਕਿਹਾ ਕਿ ਪਰਾਲੀ ਪ੍ਰਬੰਧਨ ਲਈ ਆਧੁਨਿਕ ਖੇਤੀਬਾੜੀ ਮਸ਼ੀਨਰੀ ਦੀ ਵਰਤੋਂ ਕਰਕੇ ਪਰਾਲੀ ਨੂੰ ਖੇਤਾਂ ਵਿੱਚ ਹੀ ਸੰਭਾਲਿਆ ਜਾ ਸਕਦਾ ਹੈ।ਇਸ ਨਾਲ ਜਿੱਥੇ ਫ਼ਸਲਾਂ ਦੀ ਰਹਿੰਦ-ਖੂੰਹਦ ਦਾ ਸੁਚੱਜਾ ਨਿਪਟਾਰਾ ਹੁੰਦਾ ਹੈ, ਉੱਥੇ ਹੀ ਮਿੱਟੀ ਵਿੱਚ ਜੈਵਿਕ ਪਦਾਰਥਾਂ ਦੀ ਮਾਤਰਾ ਵਧਾਉਣ ਤੇ ਜ਼ਮੀਨ ਦੀ ਉਪਜਾਊ ਸ਼ਕਤੀ ਬਰਕਰਾਰ ਰੱਖਣ ਵਿੱਚ ਵੀ ਮਦਦ ਮਿਲਦੀ ਹੈ।

## ਸ੍ਰੀ ਮੁਕਤਸਰ ਸਾਹਿਬ ਵਿਖੇ ਸ਼ਾਨਦਾਰ ਡਰੋਨ ਸ਼ੋਅ ਦਾ ਸਫ਼ਲ ਆਯੋਜਨ



**ਸ੍ਰੀ ਮੁਕਤਸਰ ਸਾਹਿਬ (ਸ਼ਮਿੰਦਰਪਾਲ, ਪੂਜਾ)**-ਪੰਜਾਬ ਸਰਕਾਰ ਵੱਲੋਂ ਸ੍ਰੀ ਗੁਰੂ ਰਵਿਦਾਸ ਮਹਾਰਾਜ ਦੇ 650ਵੇਂ ਪ੍ਰਕਾਸ਼ ਪੁਰਬ ਨੂੰ ਸਮਰਪਿਤ ਕਰਵਾਏ ਜਾ ਰਹੇ ਸਮਾਗਮਾਂ ਦੀ ਲੜੀ ਤਹਿਤ ਗੁਰੂ ਗੋਬਿੰਦ ਸਿੰਘ ਸਟੇਡੀਅਮ ਸ੍ਰੀ ਮੁਕਤਸਰ ਸਾਹਿਬ ਵਿਖੇ ਇੱਕ ਅਲੌਕਿਕ ਡਰੋਨ ਸ਼ੋਅ ਦਾ ਸਫਲ ਆਯੋਜਨ ਕੀਤਾ ਗਿਆ, ਜਿਸ ਦਾ ਵੱਡੀ ਗਿਣਤੀ ਵਿੱਚ ਪਹੁੰਚੀਆਂ ਸੰਗਤਾਂ ਨੇ ਭਰਪੂਰ ਆਨੰਦ ਮਾਣਿਆ।

ਇਸ ਸਮਾਗਮ ਵਿੱਚ ਵਿਧਾਇਕ ਜਗਦੀਪ ਸਿੰਘ ਕਾਕਾ ਬਰਾੜ ਨੇ ਵਿਸ਼ੇਸ਼ ਤੌਰ 'ਤੇ ਸ਼ਿਰਕਤ ਕੀਤੀ। ਸਮਾਗਮ ਦੌਰਾਨ ਆਕਾਸ਼ ਵਿੱਚ 500 ਡਰੋਨਾਂ ਦੀਆਂ ਵੱਖ—ਵੱਖ ਆਕਰਸ਼ਕ ਢੰਗ ਨਾਲ ਗੁਰੂ ਸਾਹਿਬ ਦੇ ਜੀਵਨ ਅਤੇ ਬਾਣੀ ਬਾਰੇ ਬਣਾਈਆਂ ਆਕ੍ਰਿਤੀਆਂ ਨੇ ਦਰਸ਼ਕਾਂ ਨੂੰ ਮੰਤਰਮੁਗਧ ਕਰ ਦਿੱਤਾ। ਇਸ ਤੋਂ ਪਹਿਲਾਂ ਵਿਧਾਇਕ ਜਗਦੀਪ ਸਿੰਘ ਕਾਕਾ ਬਰਾੜ ਨੇ ਸੰਬੋਧਨ ਕਰਦਿਆਂ ਕਿਹਾ ਕਿ ਅੱਜ ਦੀ ਨੌਜਵਾਨ ਪੀੜ੍ਹੀ ਅਤੇ ਬੱਚਿਆਂ ਨੂੰ ਸ੍ਰੀ ਗੁਰੂ ਰਵਿਦਾਸ ਮਹਾਰਾਜ ਵੱਲੋਂ ਦਰਸਾਏ ਮਾਨਵਤਾ, ਸਮਾਨਤਾ ਅਤੇ ਭਾਈਚਾਰਕ ਸਾਂਝ ਦੇ ਮਾਰਗ ਉੱਤੇ ਚੱਲਣ ਦੀ ਲੋੜ ਹੈ। ਉਨ੍ਹਾਂ ਕਿਹਾ ਕਿ ਸਮੂਹ ਹਾਜ਼ਰੀਨ ਸੰਗਤ ਨੇ ਡਰੋਨ ਸ਼ੋਅ ਰਾਹੀਂ ਸ੍ਰੀ ਗੁਰੂ ਰਵਿਦਾਸ ਮਹਾਰਾਜ ਜੀ ਦੇ ਜੀਵਨ ਸਿਧਾਂਤ ਨੂੰ ਵੇਖਿਆ ਹੈ।ਇਸ ਦੌਰਾਨ ਪ੍ਰਸਿੱਧ ਇੰਟਰਨੈਸ਼ਨਲ ਢਾਡੀ ਜੱਥਾ ਗਿਆਨੀ ਸੁਰਿੰਦਰ ਸਿੰਘ ਪਾਰਸ ਵੱਲੋਂ ਸ੍ਰੀ ਗੁਰੂ ਰਵਿਦਾਸ ਮਹਾਰਾਜ ਜੀ ਦੇ ਜੀਵਨ ਦਾ ਇਤਿਹਾਸ ਅਤੇ ਬਾਣੀ ਸੁਣਾ ਕੇ ਸੰਗਤਾਂ ਨੂੰ ਨਿਹਾਲ ਕੀਤਾ।ਇਸ ਮੌਕੇ ਐਸ ਡੀ ਐਮ-ਕਮ-ਸਹਾਇਕ ਕਮਿਸ਼ਨਰ (ਜ) ਗੁਰਕਿਰਨਦੀਪ ਸਿੰਘ, ਤਹਿਸੀਲਦਾਰ ਅੰਜੂ ਬਾਲਾ, ਨਾਇਬ ਤਹਿਸੀਲਦਾਰ ਬਰੀਵਾਲਾ ਅਰਸ਼ਪ੍ਰੀਤ ਕੌਰ, ਜ਼ਿਲ੍ਹਾ ਖੇਡ ਅਫਸਰ ਅਨਿੰਦਰਵੀਰ ਕੌਰ ਬਰਾੜ , ਮੈਂਬਰ ਨਗਰ ਕੌਂਸਲ ਵਿੱਕੀ, ਪ੍ਰਧਾਨ ਟਰੱਕ ਯੂਨੀਅਨ ਸੁਖਜਿੰਦਰ ਸਿੰਘ ਬਬਲੂ ਬਰਾੜ, ਵਾਇਸ ਪ੍ਰਧਾਨ ਨਗਰ ਕੌਂਸਲ ਹਰਦੀਪ ਸਿੰਘ ਕਾਲਾ ਤੋਂ ਇਲਾਵਾ ਹੋਰ ਪ੍ਰਸ਼ਾਸਨਿਕ ਅਧਿਕਾਰੀ, ਇਲਾਕੇ ਦੀਆਂ ਪ੍ਰਮੁੱਖ ਸ਼ਖ਼ਸੀਅਤਾਂ ਅਤੇ ਵੱਡੀ ਗਿਣਤੀ ਵਿੱਚ ਸੰਗਤਾਂ ਆਦਿ ਹਾਜ਼ਰ ਸਨ।

## ਸੀਨੀਅਰ ਸਿਟੀਜ਼ਨ ਵੈੱਲਫੇਅਰ ਐਸੋਸੀਏਸ਼ਨ ਦੇ ਸੁਰਿੰਦਰ ਸਿੰਘ ਮੱਕੜ ਬਣੇ ਪ੍ਰਧਾਨ



**ਮਲੋਟ (ਰਜਿੰਦਰ ਜੁਨੇਜਾ)**-ਸੀਨੀਅਰ ਸਿਟੀਜ਼ਨ ਵੈੱਲਫੇਅਰ ਐਸੋਸੀਏਸ਼ਨ (ਰਜਿ.) ਦੀ ਮੀਟਿੰਗ ਡ਼ਾਬ ਗੈਸਟ ਹਾਊਸ ਵਿਖੇ ਜ਼ਿਲ੍ਹਾ ਕੋਆਰਡੀਨੇਟਰ ਡਾ. ਸੁਖਦੇਵ ਸਿੰਘ ਗਿੱਲ ਦੀ ਪ੍ਰਧਾਨਗੀ ਹੇਠ ਹੋਈ।ਸਮੂਹ ਮੈਂਬਰਾਂ ਵੱਲੋਂ ਸਰਬਸੰਮਤੀ ਨਾਲ ਅਧਿਕਾਰ ਮਿਲਣ ਉਪਰੰਤ ਡਾ. ਗਿੱਲ ਨੇ ਨਵੀਂ ਕਾਰਜਕਾਰਨੀ ਦਾ ਐਲਾਨ ਕੀਤਾ।ਇਸ ਵਿੱਚ ਸੁਰਿੰਦਰ ਸਿੰਘ ਮੱਕੜ ਨੂੰ ਪ੍ਰਧਾਨ, ਰਕੇਸ਼ ਜੈਨ ਨੂੰ ਜਨਰਲ ਸਕੱਤਰ, ਮਾਸਟਰ ਗੁਰਚਰਨ ਸਿੰਘ ਨੂੰ ਕੈਸ਼ੀਅਰ, ਅਵਤਾਰ ਸਿੰਘ ਬਰਾੜ, ਜਸਵੰਤ ਸਿੰਘ ਹੁੰਦਲ ਤੇ ਗੁਰਚਰਨ ਸਿੰਘ ਸੋਨੀ ਨੂੰ ਸੀਨੀਅਰ ਮੀਤ ਪ੍ਰਧਾਨ ਚੁਣਿਆ ਗਿਆ।ਇਸ ਤੋਂ ਇਲਾਵਾ ਭਾਰਤ ਭੂਸ਼ਨ ਤੇ ਖਰੈਤੀ ਲਾਲ ਮੀਤ ਪ੍ਰਧਾਨ, ਜਰਨੈਲ ਸਿੰਘ ਢਿੱਲੋਂ ਮੁੱਖ ਸਲਾਹਕਾਰ, ਹਰਸ਼ਰਨ ਸਿੰਘ ਰਾਜਪਾਲ ਚੇਅਰਮੈਨ, ਮਾਸਟਰ ਹਿੰਮਤ ਸਿੰਘ ਵਾਈਸ ਚੇਅਰਮੈਨ, ਜਸਵਿੰਦਰ ਸਿੰਘ ਵਾਲੀਆ ਸਕੱਤਰ ਤੇ ਦੇਸਰਾਜ ਸਿੰਘ, ਹਰਦਿਆਲ ਸਿੰਘ ਤੇ ਸਰੂਪ ਸਿੰਘ ਕਾਰਜਕਾਰੀ ਮੈਂਬਰ ਥਾਪੇ ਗਏ।ਨਵ-ਨਿਯੁਕਤ ਟੀਮ ਨੇ ਸੰਸਥਾ ਦੀ ਬਿਹਤਰੀ ਲਈ ਤਨਦੇਹੀ ਨਾਲ ਕੰਮ ਕਰਨ ਦਾ ਪ੍ਰਣ ਲਿਆ।

## ਮੈਡੀਕਲ ਪ੍ਰੈਕਟੀਸ਼ਨਰ ਐਸੋਸੀਏਸ਼ਨ ਪੰਜਾਬ ਬਲਾਕ ਰਾਮਪੁਰਾ ਫੂਲ ਦੀ ਮਹੀਨਾਵਾਰ ਮੀਟਿੰਗ

**ਰਾਮਪੁਰਾ ਫੂਲ (ਦਰਸ਼ਨ ਜਿੰਦਲ)**



ਮੈਡੀਕਲ ਪ੍ਰੈਕਟੀਸ਼ਨਰ ਐਸੋਸੀਏਸ਼ਨ ਪੰਜਾਬ ਬਲਾਕ ਰਾਮਪੁਰਾ ਫੂਲ ਦੀ ਮਹੀਨਾਵਾਰ ਮੀਟਿੰਗ ਬਲਾਕ ਪ੍ਰਧਾਨ ਡਾਕਟਰ ਨਿਰਮਲ ਸਿੰਘ ਚਾਉਕੇ ਦੀ ਅਗਵਾਈ ਹੇਠ ਸਥਾਨਕ ਟੀਚਰ ਹੋਮ ਵਿਖੇ ਹੋਈ। ਸਟੇਜ ਦੀ ਕਾਰਵਾਈ ਸੈਕਟਰੀ ਦੇਵ ਰਾਜ ਨੇ ਨਿਭਾਈ । ਇਸ ਮੀਟਿੰਗ ਵਿੱਚ ਪਿਛਲੇ ਦਿਨੀਂ ਜੋ ਨਸ਼ੇ ਦੇ ਖਿਲਾਫ਼ ਲੜਨ ਵਾਲੇ ਪਰਮਿੰਦਰ ਸਿੰਘ ਝੋਟਾ ਜੋ ਮਾਨਸਾ ਵਿਖੇ ਇੱਕ ਮੈਡੀਕਲ ਵਾਲੇ ਨੇ ਗੋਲੀਆਂ ਮਾਰ ਕੇ ਕਤਲ ਕਰ ਦਿੱਤਾ ਗਿਆ ਸੀ ਸਾਡੀ ਜਥੇਬੰਦੀ ਉਸ ਦੀ ਸਖਤ ਸ਼ਬਦਾਂ ਵਿੱਚ ਪੰਜਾਬ ਸਰਕਾਰ ਤੇ ਮੈਡੀਕਲ ਵਾਲੇ ਦੀ ਨਿੰਦਾ ਕਰਦੀ ਹੈ। ਨਸ਼ੇ ਦੀ ਆੜ ਵਿੱਚ ਸਬੰਧਤ ਮੈਡੀਕਲ ਵਿਭਾਗ ਤੇ ਪੁਲਸ ਪ੍ਰਸ਼ਾਸਨ ਛਾਪੇ ਮਾਰ ਕੇ ਸਾਡੇ ਸਾਥੀਆਂ ਨੂੰ ਨਜਾਇਜ਼ ਪਰੇਸ਼ਾਨ ਕਰਨਾ ਬੰਦ ਕਰੇ ਨਹੀ ਤਾਂ ਸਾਨੂੰ ਮਜਬੂਰ ਹੋ ਕੇ ਸਰਕਾਰ ਵਿਰੋਧ ਧਰਨੇ ਪਰਦਰਸ਼ਨ ਕਰਨੇ ਪੈਣਗੇ।ਪੰਜਾਬ ਸਰਕਾਰ ਨੂੰ ਚਾਹੀਦਾ ਹੈ ਕਿ ਕਾਤਲ ਨੂੰ ਫਾਂਸੀ ਦੀ ਸਜ਼ਾ ਦਿੱਤੀ ਜਾਵੇ ਤੇ ਨਸ਼ੇ ਦੇ ਕੋਹੜ ਨੂੰ ਪੰਜਾਬ ਵਿੱਚੋਂ ਖਤਮ ਕਰਨ ਲਈ ਸਖਤ ਤੋਂ ਸਖਤ ਕਦਮ ਚੁੱਕਣੇ ਚਾਹੀਦੇ ਹਨ ਤੇ ਸਖਤ ਕਨੂੰਨ ਬਣਾਉਣੇ ਚਾਹੀਦੇ ਹਨ ਤਾਂ ਕਿ ਨੌਜਵਾਨ ਮੌਤ ਦੇ ਮੂੰਹ ਵਿੱਚੋਂ ਬਚ ਸਕਣ। ਮੈਡੀਕਲ ਪ੍ਰੈਕਟੀਸ਼ਨਰ ਐਸੋਸੀਏਸ਼ਨ ਪੰਜਾਬ ਨਸ਼ਾ ਵੇਚਣ ਵਾਲਿਆਂ ਦੇ ਹਮੇਸ਼ਾ ਖਿਲਾਫ਼ ਰਿਹਾ ਹੈ ਤੇ ਨਸ਼ੇ ਦੇ ਖਿਲਾਫ਼ ਪੂਰੇ ਪੰਜਾਬ ਵਿੱਚ ਬਹੁਤ ਰੈਲੀਆਂ ਵੀ ਕੀਤੀਆਂ ਗਈਆਂ। ਡਾਕਟਰ ਮਲਕੀਤ ਸਿੰਘ ਨੇ ਡਾਕਟਰ ਸਾਥੀਆਂ ਨੂੰ ਕਿਹਾ ਕਿ ਆਪਣੀਆ ਦੁਕਾਨਾਂ ਸਾਫ ਸੁਥਰੀਆ ਰੱਖੋ ਤੇ ਨਸ਼ੇ ਤੋਂ ਰਹਿਤ ਪ੍ਰੈਕਟਿਸ ਕਰੋ। ਇਸ ਤੋਂ ਇਲਾਵਾ ਡਾ. ਰਵੇਲ ਸਿੰਘ, ਡਾ. ਜਗਤਾਰ ਸਿੰਘ, ਡਾ. ਰੇਸ਼ਮ ਸਿੰਘ, ਡਾ. ਦਰਸ਼ਨ ਸਿੰਘ, ਡਾ. ਲੱਖਾ ਸਿੰਘ, ਡਾ. ਰਜਿੰਦਰ ਸਿੰਘ ਅਤੇ ਕੌਰ ਸਿੰਘ ਨੇ ਵੀ ਆਪਣੇ ਵਿਚਾਰ ਪੇਸ਼ ਕੀਤੇ। ਮੀਟਿੰਗ ਵਿੱਚ ਡਾ. ਜਗਤਾਰ ਸਿੰਘ ਫੂਲ, ਡਾ. ਜਗਵਿੰਦਰ ਸਿੰਘ ਮਹਿਰਾਜ, ਹਰਜਿੰਦਰ ਸਿੰਘ ਭਾਈਰੂਪਾ, ਗੁਰਦੀਪ ਸਿੰਘ ਭੋਲਾ, ਹਰਵਿੰਦਰ ਸਿੰਘ, ਇਕਬਾਲ ਸਿੰਘ, ਢੱਡੇ ਸਾਹਿਬ, ਦਰਸ਼ਨ ਮਾਨ, ਹਰਜਿੰਦਰ ਸਿੰਘ ਮਹਿਰਾਜ, ਰਾਜਿੰਦਰ ਕੁਮਾਰ ਹਾਜ਼ਰ ਸਨ। ਅਖੀਰ ਵਿੱਚ ਬਲਾਕ ਪ੍ਰਧਾਨ ਨੇ ਮੀਟਿੰਗ ਵਿੱਚ ਆਏ ਸਾਥੀਆਂ ਦਾ ਧੰਨਵਾਦ ਕੀਤਾ।

## ਗੁਰੂ ਤੇਗ ਬਹਾਦਰ ਕਲੋਨੀ ਦੇ ਕਈ ਪਰਿਵਾਰ ਅਕਾਲੀ ਦਲ ਨਾਲ ਜੁੜੇ

**ਭਵਾਨੀਗੜ੍ਹ (ਰਾਜ ਖੁਰਮੀ)**-ਸ਼੍ਰੋਮਣੀ ਅਕਾਲੀ ਦਲ ਨੂੰ ਉਸ ਸਮੇਂ ਵੱਡਾ ਹੁੰਗਾਰਾ ਮਿਲਿਆ, ਜਦੋਂ ਸੰਗਰੂਰ ਤੋਂ ਪਾਰਟੀ ਦੇ ਹਲਕਾ ਇੰਚਾਰਜ ਅਤੇ ਕੋਰ ਕਮੇਟੀ ਮੈਂਬਰ ਅਰਵਿੰਦ ਖੰਨਾ ਦੀ ਅਗਵਾਈ ਹੇਠ ਗੁਰੂ ਤੇਗ ਬਹਾਦਰ ਕਲੋਨੀ ਵਿਖੇ ਵੱਡੀ ਗਿਣਤੀ ਵਿਚ ਲੋਕਾਂ ਨੇ ਅਕਾਲੀ ਦਲ ਨਾਲ ਜੁੜਨ ਦਾ ਐਲਾਨ ਕੀਤਾ।ਸਰਬਜੀਤ ਕੌਸ਼ਲ ਅਤੇ ਵਿਜੇਤਾ ਕੌਸ਼ਲ ਦੀ ਅਗਵਾਈ ਵਿਚ ਪਾਰਟੀ ਨਾਲ ਜੁੜੇ ਇਨ੍ਹਾਂ ਨਵੇਂ ਸਾਥੀਆਂ ਦਾ ਅਰਵਿੰਦ ਖੰਨਾ ਵੱਲੋਂ ਨਿੱਘਾ ਸਵਾਗਤ ਕੀਤਾ ਗਿਆ।

ਅਰਵਿੰਦ ਖੰਨਾ ਨੇ ਅਕਾਲੀ ਪਰਿਵਾਰ ਵਿਚ ਸ਼ਾਮਲ ਹੋਣ ਵਾਲੇ ਸੋਨਿਕਾ ਜਿੰਦਲ, ਅਨਿਲ ਜਿੰਦਲ, ਗਗਨ ਸ਼ਰਮਾ, ਅਨੂ ਸ਼ਰਮਾ, ਸ਼ਰਨਜੀਤ ਕੌਰ, ਹਰਜੀਤ ਸਿੰਘ, ਰਮਨ ਸ਼ਰਮਾ, ਅੰਜੂ ਗਰਗ, ਰਾਜ ਕੁਮਾਰ ਗਰਗ, ਅਨੂ ਜਿੰਦਲ, ਰਾਜੇਸ਼ ਜਿੰਦਲ, ਗੁਰਮੇਲ ਸਿੰਘ, ਕਰਮਜੀਤ ਕੌਰ ਅਤੇ ਹਰਬੰਸ ਸਿੰਘ ਸਮੇਤ ਸਮੂਹ ਸਾਥੀਆਂ ਦਾ ਸਵਾਗਤ ਕਰਦਿਆਂ ਵਿਸ਼ਵਾਸ ਦਿਵਾਇਆ ਕਿ ਪਾਰਟੀ ਵਿਚ ਉਨ੍ਹਾਂ ਨੂੰ ਬਣਦਾ ਮਾਣ-ਸਤਿਕਾਰ ਦਿੱਤਾ ਜਾਵੇਗਾ।ਉਨ੍ਹਾਂ ਕਿਹਾ ਕਿ ਪਾਰਟੀ ਦੀ ਮਜ਼ਬੂਤੀ ਲਈ ਹਰੇਕ ਵਰਕਰ ਦੀ ਅਹਿਮ ਭੂਮਿਕਾ ਹੈ ਅਤੇ ਨਵੇਂ ਸਾਥੀਆਂ ਦੇ ਜੁੜਨ ਨਾਲ ਜਥੇਬੰਦੀ ਨੂੰ ਹੋਰ ਤਾਕਤ ਮਿਲੇਗੀ।ਇਸ ਮੌਕੇ ਪੀ.ਏ.ਸੀ. ਮੈਂਬਰ ਸਰਦਾਰ ਧਰਮਿੰਦਰ ਸਿੰਘ ਦੁੱਲਟ, ਪ੍ਰੋ. ਅਰੁਣਜੀਤ ਸਿੰਘ ਸਰਾਓ ਤੋਂ ਇਲਾਵਾ ਸ਼੍ਰੋਮਣੀ ਅਕਾਲੀ ਦਲ ਦੇ ਸੀਨੀਅਰ ਆਗੂ ਅਤੇ ਵਰਕਰ ਹਾਜ਼ਰ ਸਨ।

## ਕਾਂਗਰਸ ਆਈ ਤਾਂ 'ਆਪ' ਵੱਲੋਂ ਲੋਕਾਂ ਨੂੰ ਦਿੱਤੀਆਂ ਸਾਰੀਆਂ ਰਿਆਇਤਾਂ ਤੇ ਸਹੂਲਤਾਂ ਖੋਹ ਲਵੇਗੀ : ਰਣਜੋਧ ਹਡਾਣਾ

**ਪਟਿਆਲਾ (ਰਾਜਿੰਦਰ ਸਿੰਘ ਥਿੰਦ)**-ਆਮ ਆਦਮੀ ਪਾਰਟੀ ਦੇ ਸੀਨੀਅਰ ਆਗੂ ਪੀਆਰ ਟੀ ਸੀ ਦੇ ਚੇਅਰਮੈਨ ਤੇ ਸਨੌਰ ਵਿਧਾਨ ਸਭਾ ਹਲਕੇ ਦੇ ਹਲਕਾ ਇੰਚਾਰਜ ਰਣਜੋਧ ਸਿੰਘ ਹਡਾਣਾ ਨੇ ਕਾਂਗਰਸ 'ਤੇ ਤਿੱਖਾ ਹਮਲਾ ਬੋਲਦਿਆਂ ਕਿਹਾ ਕਿ ਇਸ ਦੇ ਸੰਸਦ ਮੈਂਬਰ ਅਮਰਿੰਦਰ ਸਿੰਘ ਰਾਜਾ ਵੜਿੰਗ ਦੇ ਬਿਆਨ ਨੇ ਪਾਰਟੀ ਦੀ ਲੋਕ-ਵਿਰੋਧੀ ਅਤੇ ਜਾਗੀਰਦਾਰੀ ਸੋਚ ਨੂੰ ਨੰਗਾ ਕਰ ਦਿੱਤਾ ਹੈ।ਉਨ੍ਹਾਂ ਚੇਤਾਵਨੀ ਦਿੱਤੀ ਕਿ ਜੇਕਰ 2027 'ਚ ਗ਼ਲਤੀ ਨਾਲ ਵੀ ਕਾਂਗਰਸ ਪੰਜਾਬ ਦੀ ਸੱਤਾ ਵਿੱਚ ਆ ਗਈ, ਤਾਂ ਇਹ ਮੁਫ਼ਤ ਬਿਜਲੀ, 10 ਲੱਖ ਰੁਪਏ ਦੀ ਮੁੱਖ ਮੰਤਰੀ ਸਿਹਤ ਯੋਜਨਾ ਤੇ ਔਰਤਾਂ ਨੂੰ ਮਿਲਣ ਵਾਲੀ ਵਿੱਤੀ ਸਹਾਇਤਾ ਖੋਹ ਲਵੇਗੀ, ਜਦਕਿ ਟੋਲ ਪਲਾਜ਼ੇ ਵਾਪਸ ਲਿਆਵੇਗੀ ਤੇ ਬਿਜਲੀ ਤੇ ਨਹਿਰੀ ਪਾਣੀ ਦੇ ਭਾਰੀ ਬਿੱਲ ਥੋਪ ਦੇਵੇਗੀ।ਉਨ੍ਹਾਂ ਕਿਹਾ ਕਿ ਕਾਂਗਰਸ ਆਮ ਪੰਜਾਬੀਆਂ ਨੂੰ ਭਲਾਈ ਸਕੀਮਾਂ ਤੋਂ ਵਾਂਝਾ ਰੱਖਣਾ ਚਾਹੁੰਦੀ ਹੈ, ਜਦਕਿ ਇਸ ਦੇ ਅਪਣੇ ਸੰਸਦ ਮੈਂਬਰ, ਵਿਧਾਇਕ ਤੇ ਸਾਬਕਾ ਮੰਤਰੀ ਸਬਸਿਡੀਆਂ ਆਨੰਦ ਮਾਣ ਰਹੇ ਹਨ। ਹਡਾਣਾ ਨੇ ਪਾਰਟੀ ਦੀ ਸਿਖਰਲੀ ਲੀਡਰਸ਼ਿਪ, ਜਿਸ ਵਿੱਚ ਰਾਹੁਲ ਗਾਂਧੀ, ਮਲਿਕਾਰਜੁਨ ਖੜਗੇ ਤੇ ਪ੍ਰਤਾਪ ਸਿੰਘ ਬਾਜਵਾ ਸ਼ਾਮਲ ਹਨ, ਨੂੰ ਚੁਣੌਤੀ ਦਿੱਤੀ ਕਿ ਉਹ ਸਪੱਸ਼ਟ ਕਰਨ ਕਿ ਕੀ ਕਾਂਗਰਸ ਸਰਕਾਰ ਆਉਣ 'ਤੇ ਇਹ ਸਕੀਮਾਂ ਜਾਰੀ ਰਹਿਣਗੀਆਂ।ਉਨ੍ਹਾਂ ਜ਼ੋਰ ਦੇ ਕੇ ਕਿਹਾ ਕਿ ਪਾਰਟੀ ਦੇ ਚੋਣ ਵਾਅਦੇ ਖੋਖਲੇ ਸਾਬਤ ਹੋਣਗੇ ਤੇ ਪੰਜਾਬ ਮੁੜ ਲੋਕਾਂ ਦੀ ਖੱਜਲ-ਖੁਆਰੀ ਅਤੇ ਲੁੱਟ ਦੇ ਦੌਰ ਵੱਲ ਪਰਤ ਜਾਵੇਗਾ।ਹਡਾਣਾ ਨੇ ਕਿਹਾ ਕਿ ਅਮਰਿੰਦਰ ਸਿੰਘ ਰਾਜਾ ਵੜਿੰਗ ਵੱਲੋਂ ਲੋੜ ਦੇ ਆਧਾਰ 'ਤੇ ਬਿਜਲੀ ਸਬਸਿਡੀ ਅਤੇ ਔਰਤਾਂ ਦੀ ਵਿੱਤੀ ਸਹਾਇਤਾ ਨੂੰ ਸੀਮਤ ਕਰਨ ਬਾਰੇ ਦਿਤੇ ਬਿਆਨ ਨੇ ਪੰਜਾਬ ਲਈ ਕਾਂਗਰਸ ਪਾਰਟੀ ਦੇ ਏਜੰਡੇ 'ਤੇ ਗੰਭੀਰ ਸਵਾਲ ਖੜੇ ਕਰ ਦਿੱਤੇ ਹਨ।ਸਰਕਾਰੀ ਸਹਾਇਤਾ ਦੇ ਹੱਕਦਾਰ ਕੌਣ ਹਨ, ਇਸਦੇ ਮਾਪਦੰਡਾਂ 'ਤੇ ਸਵਾਲ ਉਠਾਉਂਦਿਆਂ ਹਡਾਣਾ ਨੇ ਪੁੱਛਿਆ ਕਿ ਕੌਣ ਤੈਅ ਕਰੇਗਾ ਕਿ ਕਿਹੜੇ ਪਰਵਾਰ ਇਨ੍ਹਾਂ ਸਹੂਲਤਾਂ ਦੇ ਯੋਗ ਹਨ ਤੇ ਕਿਸ ਆਧਾਰ 'ਤੇ ਕੀ ਰਾਜਾ ਵੜਿੰਗ ਇਹ ਫ਼ੈਸਲੇ ਲੈਣਗੇ।

## ਕਵਿੱਤਰੀ ਸੁਖਵਿੰਦਰ ਅੰਮ੍ਰਿਤ ਨੇ ਦਰਸ਼ਕਾਂ ਨਾਲ ਸਾਂਝਾ ਕੀਤਾ ਆਪਣੀ ਸ਼ਾਇਰੀ ਦਾ ਸਫ਼ਰ

**ਪਟਿਆਲਾ (ਅਵਤਾਰ ਸਿੰਘ)**



ਪੰਜਾਬੀ ਯੂਨੀਵਰਸਿਟੀ ਦੇ ਪੰਜਾਬੀ ਭਾਸ਼ਾ ਵਿਕਾਸ ਵਿਭਾਗ ਵੱਲੋਂ ਸਫ਼ਰ ਤੇ ਸ਼ਾਇਰੀ ਨਾਂਅ ਦਾ ਵਿਸ਼ੇਸ਼ ਸਮਾਗਮ ਕਰਾਇਆ ਗਿਆ, ਜਿਸ ਵਿੱਚ ਪੰਜਾਬੀ ਦੀ ਮਕਬੂਲ ਕਵਿੱਤਰੀ ਸੁਖਵਿੰਦਰ ਅੰਮ੍ਰਿਤ ਨੇ ਦਰਸ਼ਕਾਂ ਨਾਲ ਆਪਣੀ ਸ਼ਾਇਰੀ ਦਾ ਸਫ਼ਰ ਸਾਂਝਾ ਕਰਦਿਆਂ ਆਪਣੀਆਂ ਪ੍ਰਸਿੱਧ ਰਚਨਾਵਾਂ ਪੇਸ਼ ਕੀਤੀਆਂ।ਸਮਾਗਮ ਦੀ ਪ੍ਰਧਾਨਗੀ ਉਪ ਕੁਲਪਤੀ ਡਾ. ਜਗਦੀਪ ਸਿੰਘ ਨੇ ਕੀਤੀ।

ਉਪ ਕੁਲਪਤੀ ਡਾ. ਜਗਦੀਪ ਸਿੰਘ ਨੇ ਕਿਹਾ ਕਿ ਪੰਜਾਬੀ ਭਾਸ਼ਾ ਲਈ ਇਹ ਹਾਸਲ ਹੈ ਕਿ ਇਸ ਕੋਲ ਸੁਖਵਿੰਦਰ ਅੰਮ੍ਰਿਤ ਵਰਗੀਆਂ ਕਵਿੱਤਰੀਆਂ ਹਨ।ਉਨ੍ਹਾਂ ਕਿਹਾ ਕਿ ਸੁਖਵਿੰਦਰ ਅੰਮ੍ਰਿਤ ਇਸ ਵੇਲੇ ਪੰਜਾਬੀ ਵਿੱਚ ਉਸ ਮੁਕਾਮ 'ਤੇ ਪਹੁੰਚਿਆ ਨਾਂਅ ਹੈ, ਜਿਨ੍ਹਾਂ ਦੀ ਸ਼ਾਇਰੀ ਨੂੰ ਹਰ ਕੋਈ ਮਾਣਨਾ ਚਾਹੁੰਦਾ ਹੈ।ਸੁਖਵਿੰਦਰ ਅੰਮ੍ਰਿਤ ਦੀ ਸ਼ਾਇਰੀ ਸਮਾਜਿਕ ਸਰੋਕਾਰਾਂ ਦੀ ਗੱਲ ਕਰਦੀ ਹੈ।ਨਾਰੀ ਸਰੋਕਾਰਾਂ ਨੂੰ ਉਹ ਬਹੁਤ ਸ਼ਿੱਦਤ ਪੇਸ਼ ਕਰਦੀ ਹੈ।ਉਨ੍ਹਾਂ ਕਿਹਾ ਕਿ ਸਮਾਜਿਕ ਸਰੋਕਾਰਾਂ ਨੂੰ ਪ੍ਰਣਾਏ ਸਾਹਿਤ ਨੂੰ ਉਤਸ਼ਾਹਿਤ ਕਰਨ ਵਿੱਚ ਪੰਜਾਬੀ ਯੂਨੀਵਰਸਿਟੀ ਹਮੇਸ਼ਾ ਹੀ ਆਪਣੀ ਭੂਮਿਕਾ ਨਿਭਾਉਂਦੀ ਰਹੇਗੀ। ਜ਼ਿਕਰਯੋਗ ਹੈ ਕਿ ਇਹ ਸਮਾਗਮ ਇੱਕ ਸੰਵਾਦ ਰੂਪ ਦੇ ਵਿੱਚ ਉਲੀਕਿਆ ਗਿਆ, ਜਿਸ ਵਿੱਚ ਸੰਵਾਦ ਕਰਤਾ ਦੀ ਭੂਮਿਕਾ ਡਾ. ਚਰਨਜੀਤ ਕੌਰ, ਸਾਬਕਾ ਪ੍ਰੋਫੈਸਰ ਪੰਜਾਬੀ ਯੂਨੀਵਰਸਿਟੀ ਪਟਿਆਲਾ ਨੇ ਨਿਭਾਈ।ਸੁਖਵਿੰਦਰ ਅੰਮ੍ਰਿਤ ਨੇ ਦੱਸਿਆ ਕਿ ਉਸ ਦੀ ਸ਼ਾਇਰੀ ਸਮਾਜਿਕ ਪੀੜ ਦੇ ਵਿੱਚੋਂ ਪੈਦਾ ਹੋਈ ਹੈ, ਉਹ ਨਿੱਕੀ ਉਮਰੇ ਹੀ ਵਿਆਹ ਦਿੱਤੀ ਗਈ ਸੀ, ਪਰ ਉਸ ਨੂੰ ਪੜ੍ਹਨ ਦਾ ਬਹੁਤ ਚਾਅ ਸੀ। ਜਦੋਂ ਉਸਦੇ ਬੱਚੇ ਸਕੂਲ ਜਾਂਦੇ ਸਨ ਤਾਂ ਉਸ ਨੂੰ ਵੀ ਸਕੂਲ ਜਾਣ ਦੀ ਇੱਛਾ ਜਾਗਦੀ ਸੀ। ਸਬੱਬ ਬਣਿਆ ਤੇ ਉਸ ਨੇ ਆਪਣੇ ਬੱਚਿਆਂ ਦੇ ਨਾਲ ਹੀ ਪੜ੍ਹਾਈ ਕੀਤੀ।ਇਸ ਉਪਰੰਤ ਉਸ ਦੀ ਜ਼ਿੰਦਗੀ ਵਿੱਚ ਸ਼ਾਇਰੀ ਦਾ ਸਫਰ ਆਰੰਭ ਹੋਇਆ।ਸੁਖਵਿੰਦਰ ਅੰਮ੍ਰਿਤ ਨੇ ਦੱਸਿਆ ਕਿ ਉਸ ਨੂੰ ਜ਼ਹੀਨ ਪਾਠਕ ਤਾਂ ਪੜ੍ਹਦੇ ਹੀ ਹਨ, ਪਰ ਜਦੋਂ ਕਿਸਾਨੀ ਅੰਦੋਲਨ ਵੇਲੇ ਵਾਰਸ ਭਰਾਵਾਂ ਨੇ ਉਸਦਾ ਗੀਤ 'ਕਲੇਜੇ ਤੀਰ ਦੇਖਣ ਨੂੰ ਤੇ ਸਿਰ ਤੇ ਤਾਜ ਦੇਖਣ ਨੂੰ, ਜ਼ਮਾਨਾ ਰੁਕ ਗਿਆ ਤੇਰਾ ਉਹੀ ਅੰਦਾਜ਼ ਦੇਖਣ ਨੂੰ' ਗਾਇਆ ਉਸਦੀ ਗੱਲ ਹੋਰ ਦੂਰ ਤੱਕ ਪਹੁੰਚੀ।

ਡਾ. ਸੁਰਜੀਤ ਸਿੰਘ, ਡੀਨ ਭਾਸ਼ਾਵਾਂ ਨੇ ਸਵਾਗਤੀ ਸ਼ਬਦ ਸਾਂਝੇ ਕਰਦਿਆਂ ਕਿਹਾ ਕਿ ਸੁਖਵਿੰਦਰ ਅੰਮ੍ਰਿਤ ਦੀ ਕਵਿਤਾ ਉਹਨਾਂ ਲੱਖਾਂ ਆਵਾਜ਼ਾਂ ਦੀ ਕਵਿਤਾ ਹੈ, ਜਿਨ੍ਹਾਂ ਨੂੰ ਬੋਲਣ ਨਹੀਂ ਦਿੱਤਾ ਜਾ ਰਿਹਾ।ਉਸਦੀ ਸ਼ਾਇਰੀ ਦਾ ਪ੍ਰਗੀਤਕ ਖਾਸਾ ਇਸਨੂੰ ਹੋਰ ਪ੍ਰਭਾਵਸ਼ਾਲੀ ਬਣਾ ਦਿੰਦਾ ਹੈ।ਵਿਭਾਗ ਮੁਖੀ ਡਾ. ਗੁਰਸੇਵਕ ਸਿੰਘ ਲੰਬੀ ਨੇ ਪ੍ਰੋਗਰਾਮ ਦੀ ਸ਼ੁਰੂਆਤ ਵਿੱਚ ਕਿਹਾ ਕਿ ਕਿਸੇ ਵੀ ਸ਼ਾਇਰ ਦੀ ਸ਼ਾਇਰੀ ਦੇ ਪਿੱਛੇ ਉਸ ਦਾ ਪਿਛੋਕੜ ਕਿਵੇਂ ਕਾਰਜ ਕਰਦਾ ਹੈ।ਸ਼ਾਇਰ ਦੀ ਭਾਸ਼ਾ ਕਿਵੇਂ ਬਣਦੀ ਹੈ ਤੇ ਉਸ ਦੀਆਂ ਕਾਵਿ ਸੰਵੇਦਨਾਵਾਂ ਕਿਵੇਂ ਪ੍ਰਫੁੱਲਤ ਹੁੰਦੀਆਂ ਹਨ।ਡਾ. ਰਾਜਿੰਦਰਪਾਲ ਸਿੰਘ ਬਰਾੜ ਨੇ ਧੰਨਵਾਦੀ ਸ਼ਬਦ ਸਾਂਝੇ ਕਰਦਿਆਂ ਕਿਹਾ ਕਿ ਸਾਡੀ ਆਧੁਨਿਕ ਪੀੜ੍ਹੀ ਨੂੰ ਸਾਹਿਤ ਨਾਲ ਜੋੜਨ ਦਾ ਇਹ ਚੰਗਾ ਉਪਰਾਲਾ ਹੈ।

## ਮਹਾਂਰਿਸ਼ੀ ਵਾਲਮੀਕਿ ਜੀ ਦਾ ਜਨਮ ਦਿਹਾੜਾ ਸ਼ਰਧਾ ਮਨਾਇਆ



**ਹਠੂਰ (ਨਛੱਤਰ ਸੰਧੂ)**-ਸੁਪਰੀਮ ਕਾਨਵੈਂਟ ਸਕੂਲ, ਬਿਲਾਸਪੁਰ ਮੋਗਾ ਵਿਖੇ ਭਗਵਾਨ ਮਹਾਂਰਿਸ਼ੀ ਵਾਲਮੀਕਿ ਜੀ ਦਾ ਜਨਮ ਦਿਹਾੜਾ ਬੜੀ ਸ਼ਰਧਾ, ਸਤਿਕਾਰ ਤੇ ਉਤਸ਼ਾਹ ਨਾਲ ਮਨਾਇਆ ਗਿਆ।ਸਕੂਲ ਵਿੱਚ ਵਿਸ਼ੇਸ਼ ਸਭਾ ਦਾ ਆਯੋਜਨ ਕੀਤਾ ਗਿਆ, ਜਿਸ ਦੌਰਾਨ ਵਿਦਿਆਰਥੀਆਂ ਨੂੰ ਮਹਾਂਰਿਸ਼ੀ ਵਾਲਮੀਕਿ ਜੀ ਦੇ ਜੀਵਨ, ਉਨ੍ਹਾਂ ਦੀਆਂ ਸਿੱਖਿਆਵਾਂ ਤੇ ਸਮਾਜ ਪ੍ਰਤੀ ਉਨ੍ਹਾਂ ਦੇ ਮਹਾਨ ਯੋਗਦਾਨ ਬਾਰੇ ਜਾਣੂ ਕਰਾਇਆ ਗਿਆ।ਵਿਦਿਆਰਥੀਆਂ ਨੇ ਭਾਸ਼ਣਾਂ, ਕਵਿਤਾਵਾਂ ਤੇ ਉਨ੍ਹਾਂ ਦੇ ਜੀਵਨ ਤੇ ਅਧਾਰਤ ਨਾਟਕ ਅਤੇ ਵਿਚਾਰਾਂ ਰਾਹੀਂ ਮਹਾਂਰਿਸ਼ੀ ਵਾਲਮੀਕਿ ਜੀ ਨੂੰ ਸ਼ਰਧਾ ਦੇ ਫੁੱਲ ਭੇਟ ਕੀਤੇ।ਅਧਿਆਪਕਾਂ ਨੇ ਵਿਦਿਆਰਥੀਆਂ ਨੂੰ ਦੱਸਿਆ ਕਿ ਮਹਾਂਰਿਸ਼ੀ ਵਾਲਮੀਕਿ ਜੀ ਦੀਆਂ ਸਿੱਖਿਆਵਾਂ ਸਾਨੂੰ ਸੱਚਾਈ, ਸਮਾਨਤਾ, ਦਇਆ, ਨਿਮਰਤਾ ਤੇ ਮਨੁੱਖਤਾ ਦੇ ਮਾਰਗ 'ਤੇ ਚੱਲਣ ਲਈ ਪ੍ਰੇਰਿਤ ਕਰਦੀਆਂ ਹਨ।ਸਕੂਲ ਦੇ ਪ੍ਰਿੰਸੀਪਲ ਜਸਮੇਲ ਸਿੰਘ ਕਲਸੀ ਨੇ ਵਿਦਿਆਰਥੀਆਂ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਮਹਾਂਰਿਸ਼ੀ ਵਾਲਮੀਕਿ ਜੀ ਦਾ ਜੀਵਨ ਸਮੁੱਚੀ ਮਨੁੱਖਤਾ ਲਈ ਪ੍ਰੇਰਨਾ ਸਰੋਤ ਹੈ।ਉਨ੍ਹਾਂ ਕਿਹਾ ਕਿ ਸਿੱਖਿਆ ਦਾ ਅਸਲ ਉਦੇਸ਼ ਕੇਵਲ ਕਿਤਾਬੀ ਗਿਆਨ ਪ੍ਰਾਪਤ ਕਰਨਾ ਹੀ ਨਹੀਂ, ਸਗੋਂ ਬੱਚਿਆਂ ਅੰਦਰ ਚੰਗੇ ਸੰਸਕਾਰ, ਨੈਤਿਕ ਕਦਰਾਂ-ਕੀਮਤਾਂ ਤੇ ਸਮਾਜ ਪ੍ਰਤੀ ਜ਼ਿੰਮੇਵਾਰੀ ਦੀ ਭਾਵਨਾ ਪੈਦਾ ਕਰਨਾ ਵੀ ਹੈ।ਅੰਤ ਸਕੂਲ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਸਰਦਾਰ ਚਰਨ ਸਿੰਘ ਤੇ ਸਕੂਲ ਚੇਅਰਮੈਨ ਯੋਗਿੰਦਰ ਪ੍ਰਸਾਦ ਸ਼ਰਮਾ ਨੇ ਸਮੂਹ ਸਟਾਫ਼, ਵਿਦਿਆਰਥੀਆਂ ਤੇ ਇਲਾਕਾ ਨਿਵਾਸੀਆਂ ਨੂੰ ਮਹਾਂਰਿਸ਼ੀ ਵਾਲਮੀਕਿ ਜਯੰਤੀ ਦੀਆਂ ਸ਼ੁਭਕਾਮਨਾਵਾਂ ਦਿੱਤੀਆਂ ਅਤੇ ਉਨ੍ਹਾਂ ਦੀਆਂ ਮਹਾਨ ਸਿੱਖਿਆਵਾਂ ਨੂੰ ਆਪਣੇ ਜੀਵਨ ਵਿੱਚ ਅਪਣਾਉਣ ਦਾ ਸੁਨੇਹਾ ਦਿੱਤਾ।

## ਨਸ਼ੀਲੀਆਂ ਗੋਲੀਆਂ ਤੇ ਹੈਰੋਇਨ ਸਮੇਤ 6 ਕਾਬੂ

**ਫਿਲੌਰ (ਨਿਰਮਲ)**- ਡੀ ਜੀ ਪੀ ਪੰਜਾਬ ਵਲੋਂ ਚਲਾਈ ਜਾ ਰਹੀ ਮੁਹਿੰਮ 'ਯੁੱਧ ਨਸ਼ਿਆਂ ਦੇ ਵਿਰੁੱਧ' ਤਹਿਤ ਸਬ ਡਵੀਜ਼ਨ ਫਿਲੌਰ ਦੀ ਪੁਲਸ ਵਲੋਂ 'ਕਾਸੋ' ਆਪ੍ਰੇਸ਼ਨ ਚਲਾਇਆ ਗਿਆ, ਜਿਸ ਦੇ ਅਧੀਨ ਪੁਲਸ ਨੇ 107 ਨਸ਼ੀਲੀਆਂ ਗੋਲੀਆਂ



ਅਤੇ ਹੈਰੋਇਨ ਸਮੇਤ 6 ਵਿਅਕਤੀਆਂ ਨੂੰ ਗ੍ਰਿਫ਼ਤਾਰ ਕੀਤਾ। ਜਾਣਕਾਰੀ ਦਿੰਦਿਆਂ ਡੀ. ਐੱਸ. ਪੀ. ਭਰਤ ਮਸੀਹ ਨੇ ਦੱਸਿਆ ਕਿ ਮੁਹਿੰਮ 'ਯੁੱਧ ਨਸ਼ਿਆਂ ਦੇ ਵਿਰੁੱਧ' ਤਹਿਤ ਵੱਖ-ਵੱਖ ਸੂਚੀਬੱਧ ਅਤੇ ਗ਼ੈਰ-ਸੂਚੀਬੱਧ ਥਾਵਾਂ 'ਤੇ ਛਾਪੇਮਾਰੀ ਕੀਤੀ ਗਈ। ਇਸ ਆਪ੍ਰੇਸ਼ਨ ਦੌਰਾਨ ਐੱਨ ਡੀ ਪੀ. ਐੱਸ ਐਕਟ ਤਹਿਤ 5 ਮਾਮਲੇ ਦਰਜ ਕਰ ਕੇ 6 ਸਮੱਗਲਰਾਂ ਨੂੰ ਗ੍ਰਿਫ਼ਤਾਰ ਕੀਤਾ ਗਿਆ। ਉਨ੍ਹਾਂ ਦੇ ਕਬਜ਼ੇ 'ਚੋਂ 107 ਨਸ਼ੀਲੀਆਂ ਗੋਲੀਆਂ ਅਤੇ 3 ਗ੍ਰਾਮ ਹੈਰੋਇਨ ਬਰਾਮਦ ਕੀਤੀ ਗਈ। ਨਸ਼ੇ ਦੀ ਵਰਤੋਂ ਕਰਨ ਵਾਲੇ ਵਿਅਕਤੀਆਂ ਵਿਰੁੱਧ ਵੀ ਕਾਰਵਾਈ ਕੀਤੀ ਗਈ।ਉਨ੍ਹਾਂ ਦੱਸਿਆ ਕਿ ਗ੍ਰਿਫ਼ਤਾਰ ਕੀਤੇ ਗਏ ਸਮੱਗਲਰਾਂ ਵਿਚੋਂ ਪੂਜਾ ਪਤਨੀ ਸੰਜੂ ਨਿਵਾਸੀ ਉੱਚੀ ਘਾਟੀ ਫਿਲੌਰ ਤੋਂ 3 ਗ੍ਰਾਮ ਹੈਰੋਇਨ, ਅਮਿਤ ਪੁੱਤਰ ਗੁਰਮੇਲ ਨਿਵਾਸੀ ਫਿਲੌਰ ਤੋਂ 25 ਨਸ਼ੀਲੀਆਂ ਗੋਲੀਆਂ, ਮਨੀ ਪੁੱਤਰ ਜਗਜੀਵਨ ਪਾਲ ਗੁਰਾਇਆ ਤੋਂ 52 ਨਸ਼ੀਲੀਆਂ ਗੋਲੀਆਂ, ਗੁਰਾਇਆ ਦੇ ਇਕ ਹੋਰ ਵਿਅਕਤੀ ਤੋਂ 30 ਨਸ਼ੀਲੀਆਂ ਗੋਲੀਆਂ, ਬਲਵਿੰਦਰ ਉਰਫ਼ ਕਾਲੀ ਪੁੱਤਰ ਰਾਮ ਪ੍ਰਤਾਪ ਅਤੇ ਗੁਰਨਦੀਪ ਉਰਫ਼ ਕਾਕਾ ਪੁੱਤਰ ਚਰਨ ਸਿੰਘ ਨਿਵਾਸੀ ਸੰਗੋਵਾਲ ਥਾਣਾ ਬਿਲਗਾ ਨੂੰ ਪੰਨੀ ਅਤੇ ਲਾਈਟਰ ਸਮੇਤ ਗ੍ਰਿਫ਼ਤਾਰ ਕਰ ਕੇ ਸਬੰਧਤ ਮਾਮਲੇ ਦਰਜ ਕੀਤੇ ਗਏ ਹਨ।ਡੀ. ਐੱਸ. ਪੀ. ਭਰਤ ਮਸੀਹ ਨੇ ਨਸ਼ੇ ਦਾ ਕਾਰੋਬਾਰ ਕਰਨ ਵਾਲਿਆਂ ਨੂੰ ਸਖ਼ਤ ਚਿਤਾਵਨੀ ਦਿੰਦਿਆਂ ਕਿਹਾ ਕਿ ਉਹ ਆਪਣੇ ਮਾੜੇ ਕੰਮ ਛੱਡ ਦੇਣ, ਨਹੀਂ ਤਾਂ ਉਹ ਕਾਨੂੰਨ ਦੇ ਹੱਥਾਂ ਤੋਂਬਚ ਨਹੀਂ ਸਕਣਗੇ।

## ਆਸ਼ਾ ਵਰਕਰਾਂ ਵੱਲੋਂ 1 ਦੀ ਸੰਗਰੂਰ ਰੈਲੀ 'ਚ ਸ਼ਮੂਲੀਅਤ ਦਾ ਐਲਾਨ

**ਹੁਸ਼ਿਆਰਪੁਰ (ਬਲਵੀਰ ਸਿੰਘ ਸੈਣੀ)**- ਆਸ਼ਾ ਵਰਕਰਜ਼ ਅਤੇ ਫੈਸਿਲੀਟੇਟਰ ਯੂਨੀਅਨ ਪੰਜਾਬ ਦੀ ਪ੍ਰਧਾਨ ਰਾਣੋ ਖੇੜੀ ਗਿੱਲਾਂ, ਜਨਰਲ ਸਕੱਤਰ ਲਖਵਿੰਦਰ ਕੌਰ ਝਬਾਲ ਅਤੇ ਵਿੱਤ ਸਕੱਤਰ ਹਰਨਿੰਦਰ ਕੌਰ ਨੇ ਇੱਕ ਸਾਂਝੇ ਪ੍ਰੈਸ ਬਿਆਨ ਰਾਹੀਂ ਕਿਹਾ ਹੈ ਕਿ ਪੰਜਾਬ ਦੇ ਸਾਰੇ ਹੀ ਵਿਭਾਗਾਂ ਅੰਦਰ ਸੇਵਾ ਨਿਭਾਅ ਰਹੀਆਂ ਮਹਿਲਾ ਮੁਲਾਜ਼ਮਾਂ ਦੀ ਇੱਕੋ-ਇੱਕ ਸਾਂਝੀ ਜੱਥੇਬੰਦੀ ਇਸਤਰੀ ਮੁਲਾਜ਼ਮ ਤਾਲਮੇਲ ਕਮੇਟੀ ਪੰਜਾਬ ਵਲੋਂ ਹਰ ਪ੍ਰਕਾਰ ਦੀਆਂ ਮਹਿਲਾ ਮੁਲਾਜ਼ਮਾਂ ਦੀਆਂ ਮੰਗਾਂ ਦੀ ਪ੍ਰਾਪਤੀ ਅਤੇ ਮਹਿਲਾਵਾਂ ਦੀਆਂ ਸੇਵਾ ਹਾਲਤਾਂ ਦੀ ਬਿਹਤਰੀ ਲਈ ਸੰਘਰਸ਼ ਕੀਤਾ ਜਾ ਰਿਹਾ ਹੈ। ਸੰਘਰਸ਼ ਨੂੰ ਤੇਜ਼ ਕਰਦਿਆਂ ਇਸਤਰੀ ਮੁਲਾਜ਼ਮ ਤਾਲਮੇਲ ਕਮੇਟੀ ਵਲੋਂ ਮਿਤੀ 1 ਨਵੰਬਰ ਨੂੰ ਮੁੱਖ ਮੰਤਰੀ ਦੇ ਸ਼ਹਿਰ ਸੰਗਰੂਰ ਵਿਖੇ ਡਰੀਮ ਲੈਂਡ ਕਲੋਨੀ ਦੇ ਨਜ਼ਦੀਕ ਇੱਕ ਵਿਸ਼ਾਲ ਸੂਬਾ ਪੱਧਰੀ ਰੋਸ ਰੈਲੀ ਕੀਤੀ ਜਾ ਰਹੀ ਹੈ ਅਤੇ ਇਸ ਰੈਲੀ ਵਿੱਚ ਅਗਲੇ ਤਿੱਖੇ ਸੰਘਰਸ਼ ਦਾ ਐਲਾਨ ਵੀ ਕਤਿਾ ਜਾ ਰਿਹਾ ਹੈ। ਜੱਥੇਬੰਦੀ ਦੀਆਂ ਆਗੂਆਂ ਰਾਜ ਕੁਮਾਰੀ, ਸੰਦੀਪ ਕੌਰ, ਬੀਰਪਾਲ ਕੌਰ, ਚਰਨਜੀਤ ਕੌਰ, ਨਿਰਮਲਾ ਦੇਵੀ, ਕਮਲਜੀਤ ਕੌਰ, ਗੀਟਾ ਰਾਣੀ, ਨਸੀਬ ਕੌਰ, ਰੁਪਿੰਦਰ ਕੌਰ, ਕਮਲਜੀਤ ਕੌਰ ਮਹਿਤਾ ਨੇ ਕਿਹਾ ਹੈ ਕਿ ਬਾਕੀ ਇਸਤਰੀ ਮੁਲਾਜ਼ਮਾਂ ਵਾਂਗ ਸਰਕਾਰ ਵਲੋਂ



ਆਸ਼ਾ ਵਰਕਰਾਂ ਦੀਆਂ ਮੰਗਾਂ ਨੂੰ ਵੀ ਪੂਰਾ ਨਹੀਂ ਕੀਤਾ ਗਿਆ ਹੈ ਅਤੇ ਚੋਣਾਂ ਤੋਂ ਪਹਿਲਾਂ ਮਾਣ ਭੱਤਾ ਦੁਗਣਾ ਕਰਨ ਦੇ ਐਲਾਨ ਨੂੰ ਵੀ ਸਰਕਾਰ ਭੁੱਲ ਗਈ ਹੈ। ਆਗੂਆਂ ਨੇ ਕਿਹਾ ਕਿ ਆਸ਼ਾ ਵਰਕਰਾਂ ਵਲੋਂ ਇਸ 1 ਨਵੰਬਰ ਦੀ ਪੰਜਾਬ ਭਰ ਵਿੱਚ ਪੂਰੀ ਤਿਆਰੀ ਹੈ। ਆਗੂਆਂ ਵਲੋਂ ਸਰਕਾਰ ਤੋਂ ਮੰਗ ਕੀਤੀ ਗਈ ਕਿ ਆਸ਼ਾ ਵਰਕਰਾਂ ਅਤੇ ਫੈਸਿਲੀਟੇਟਰਾਂ ਨੂੰ ਘੱਟੋ-ਘੱਟ ਉਜਰਤ ਦੇ ਘੇਰੇ ਅੰਦਰ ਲਿਆਂਦਾ ਜਾਵੇ, ਆਸ਼ਾ ਵਰਕਰਾਂ ਦੇ ਕੱਟੇ ਹੋਏ ਇੰਨਸੈਨਟਿਵਾਂ ਨੂੰ ਮੁੜ ਬਹਾਲ ਕਰਦੇ ਹੋਏ ਇੰਨਸੈਨਟਿਵਾਂ ਵਿੱਚ ਵਾਧਾ ਕੀਤਾ ਜਾਵੇ, ਆਸ਼ਾ ਵਰਕਰਾਂ ਅਤੇ ਫੈਸਿਲੀਟੇਟਰਾਂ ਦੀ ਹਾਜ਼ਰੀ ਰਜਿਸਟਰ ਲਗਾ ਕੇ ਹਾਜ਼ਰੀ ਯਕੀਨੀ ਬਣਾਈ ਜਾਵੇ, 7 ਆਸ਼ਾ ਵਰਕਰਾਂ ਮਗਰ ਇੱਕ ਫੈਸਿਲੀਟੇਟਰ ਰੱਖੀ ਜਾਵੇ, ਆਸ਼ਾਂ ਵਰਕਰਾਂ ਅਤੇ ਫੈਸਿਲੀਟੇਟਰਾਂ ਨੂੰ ਮੁਫਤ ਸਿਹਤ ਸਹੂਲਤਾਂ ਪ੍ਰਦਾਨ ਕਰਨ ਨੂੰ ਅਮਲੀ ਰੂਪ ਦਿੱਤਾ ਜਾਵੇ ਅਤੇ ਉਹਨਾਂ ਦੇ ਪਰਵਾਰ ਨੂੰ ਵੀ ਮੁਫਤ ਸਿਹਤ ਸਹੂਲਤਾਂ ਪ੍ਰਦਾਨ ਕੀਤੀਆਂ ਜਾਣ, ਜੋ ਆਸ਼ਾ ਵਰਕਰਾਂ ਅਤੇ ਫੈਸਿਲੀਟੇਟਰਾਂ ਸੇਵਾ-ਮੁਕਤ ਹੋ ਰਹੀਆਂ ਹਨ, ਉਹਨਾਂ ਨੂੰ ਮਾਣ-ਸੰਮਾਨ ਦੇ ਤੌਰ ਤੇ ਘੱਟੋ-ਘੱਟ ਪੰਜ ਲੱਖ ਰੁਪਏ ਰਾਸ਼ੀ ਦਿੱਤੀ ਜਾਵੇ, ਆਸ਼ਾ ਵਰਕਰਾਂ ਅਤੇ ਫੈਸਿਲੀਟੇਟਰਾਂ ਦੀ ਸੇਵਾ-ਮੁਕਤੀ ਤੋਂ ਬਾਅਦ ਘੱਟੋ-ਘੱਟ ਪੰਜ ਹਜ਼ਾਰ ਰੁਪਏ ਪ੍ਰਤੀ ਮਹੀਨਾ ਪੈਨਸ਼ਨ ਦਿੱਤੀ ਜਾਵੇ, ਆਸ਼ਾ ਵਰਕਰਾਂ ਨੂੰ ਹਰ ਮਹੀਨੇ 7 ਤਰੀਖ ਤੱਕ ਤਨਖਾਹ ਦੇਣਾ ਯਕੀਨੀ ਬਣਾਇਆ ਜਾਵੇ। ਆਗੂਆਂ ਵਲੋਂ ਪੰਜਾਬ ਭਰ ਦੀਆਂ ਆਸ਼ਾ ਵਰਕਰਾਂ ਨੂੰ 1 ਨਵੰਬਰ ਦੀ ਸੰਗਰੂਰ ਰੈਲੀ ਵਿੱਚ ਵੱਡੀ ਗਿਣਤੀ ਵਿੱਚ ਸ਼ਮੂਲੀਅਤ ਦੀ ਅਪੀਲ ਕੀਤੀ।

## ਪੰਜਾਬੀ ਲੇਖਕ ਸਭਾ ਦੀ ਕਾਰਜਕਾਰਨੀ ਵੱਲੋਂ ਪੋਸਟਰ ਜਾਰੀ

**ਚੰਡੀਗੜ੍ਹ (ਨ ਜ਼ ਸ)**- ਪੰਜਾਬੀ ਲੇਖਕ ਸਭਾ (ਰਜਿ:) ਚੰਡੀਗੜ੍ਹ ਵੱਲੋਂ ਸਭਾ ਦੇ ਬਾਨੀ ਤੇਰਾ ਸਿੰਘ ਚੰਨ ਦੀ ਯਾਦ ਨੂੰ ਸਮਰਪਿਤ 'ਤੇਰਾ ਸਿੰਘ ਚੰਨ ਯਾਦਗਾਰੀ ਸਾਹਿਤਕ ਮੇਲਾ-2026' 15 ਨਵੰਬਰ ਦਿਨ ਐਤਵਾਰ ਨੂੰ ਪੰਜਾਬ ਕਲਾ ਭਵਨ ਸੈਕਟਰ 16 ਚੰਡੀਗੜ੍ਹ ਵਿਖੇ ਲਾਇਆ ਜਾ ਰਿਹਾ ਹੈ। ਇਸ



ਮੇਲੇ ਵਿੱਚ ਕਲਾ, ਸਾਹਿਤ ਅਤੇ ਸਭਿਆਚਾਰ ਨਾਲ ਸਬੰਧਿਤ ਨਾਮਵਰ ਸ਼ਖ਼ਸੀਅਤਾਂ ਆਪਣੀ ਹਾਜ਼ਰੀ ਨਾਲ ਰੌਣਕ ਵਧਾਉਣਗੀਆਂ। ਉੱਘੇ ਸ਼ਾਇਰ ਅਤੇ ਫ਼ਿਲਮ ਉਦਯੋਗ ਵਿੱਚ ਪੰਜਾਬ ਦੀ ਮਾਨਮੱਤੀ ਨੁਮਾਇੰਦਗੀ ਕਰਕੇ ਆਪਣਾ ਉਚੇਚਾ ਨਾਮ ਸਥਾਪਿਤ ਕਰਨ ਵਾਲੇ ਗੀਤਕਾਰ ਇਰਸ਼ਾਦ ਕਾਮਿਲ ਇਸ ਮੌਕੇ ਮੁੱਖ ਮਹਿਮਾਨ ਹੋਣਗੇ। ਪੰਜਾਬ ਕਲਾ ਪ੍ਰੀਸ਼ਦ ਦੇ ਚੇਅਰਮੈਨ ਸਵਰਨਜੀਤ ਸਵੀ ਵਿਸ਼ੇਸ਼ ਮਹਿਮਾਨ ਹੋਣਗੇ। ਸੰਜੀਦਾ ਰੰਗਮੰਚ ਅਤੇ ਫ਼ਿਲਮ ਅਦਾਕਾਰ ਮਲਕੀਤ ਸਿੰਘ ਰੌਣੀ 'ਸਮਾਜ ਸੰਵਾਰਨ 'ਚ ਸਾਹਿਤ, ਸੰਗੀਤ ਤੇ ਸਿਨੇਮੇ ਦਾ ਯੋਗਦਾਨ' ਵਿਸ਼ੇ 'ਤੇ ਮੁੱਖ ਬੁਲਾਰੇ ਹੋਣਗੇ। ਤੇਰਾ ਸਿੰਘ ਚੰਨ ਦੀ ਸਾਹਿਤਕ ਅਤੇ ਜਥੇਬੰਦਕ ਦੇਣ ਬਾਰੇ ਕੁੰਜੀਵਤ ਭਾਸ਼ਣ ਗੁਰਨਾਮ ਕੰਵਰ ਅਤੇ ਚੰਨ ਪਰਿਵਾਰ ਵੱਲੋਂ ਦਿੱਤੇ ਜਾਣਗੇ। ਮੇਲੇ ਬਾਰੇ ਹੋਰ ਜਾਣਕਾਰੀ ਦੇਂਦਿਆਂ ਕੋਆਰਡੀਨੇਟਰ ਡਾ. ਦਵਿੰਦਰ ਸਿੰਘ ਬੋਹਾ ਨੇ ਦੱਸਿਆ ਕਿ ਇਸ ਵਾਰ ਤੇਰਾ ਸਿੰਘ ਚੰਨ ਯਾਦਗਾਰੀ ਸਨਮਾਨ-2026 ਗੁਰਨਾਮ ਕੰਵਰ ਅਤੇ ਮਲਕੀਤ ਰੌਣੀ ਨੂੰ ਪ੍ਰਦਾਨ ਕੀਤੇ ਜਾਣਗੇ। ਬਲਕਾਰ ਸਿੱਧੂ ਅਤੇ ਉਹਨਾਂ ਦੀ ਟੀਮ ਵੱਲੋਂ ਲੁੱਡੀ ਅਤੇ ਝੂਮਰ ਦੀਆਂ ਪੇਸ਼ਕਾਰੀਆਂ ਹੋਣਗੀਆਂ। ਸ੍ਰੀ ਭੈਣੀ ਸਾਹਿਬ, ਬਲਵਿੰਦਰ ਸਿੰਘ ਉੱਤਮ ਰੈਸਟੋਰੈਂਟ, ਬਲਦੇਵ ਸਿੰਘ ਸਪਤਰਿਸ਼ੀ ਅਤੇ ਸਵਰਗੀ ਤੇਰਾ ਸਿੰਘ ਚੰਨ ਪਰਿਵਾਰ ਦੇ ਵਿਸ਼ੇਸ਼ ਸਹਿਯੋਗ ਨਾਲ਼ ਕਰਵਾਏ ਜਾਣ ਵਾਲੇ ਇਸ ਸਾਹਿਤਕ ਮੇਲੇ ਵਿੱਚ ਪੰਜਾਬੀ ਸਾਹਿਤ, ਸਭਿਆਚਾਰ, ਕਲਾਵਾਂ, ਖਾਣ ਅਤੇ ਪਹਿਰਾਵੇ ਦੀਆਂ ਪ੍ਰਦਰਸ਼ਨੀਆਂ ਲਾਈਆਂ ਜਾਣਗੀਆਂ। ਮੇਲਾ 15 ਨਵੰਬਰ ਨੂੰ ਸਵੇਰੇ 10.00 ਵਜੇ ਤੋਂ ਸ਼ੁਰੂ ਹੋਵੇਗਾ। ਪੰਜਾਬ ਕਲਾ ਭਵਨ 'ਚ ਤੇਰਾ ਸਿੰਘ ਚੰਨ ਯਾਦਗਾਰੀ ਮੇਲੇ ਦਾ ਪੋਸਟਰ ਕਾਰਜਕਾਰਨੀ ਵੱਲੋਂ ਜਾਰੀ ਕੀਤਾ ਗਿਆ। ਇਸ ਮੌਕੇ ਹਾਜ਼ਿਰ ਅਹੁਦੇਦਾਰਾਂ ਵਿੱਚ ਦੀਪਕ ਸ਼ਰਮਾ ਚਨਾਰਥਲ, ਭੁਪਿੰਦਰ ਸਿੰਘ ਮਲਿਕ, ਗੁਰਨਾਮ ਕੰਵਰ, ਬਲਕਾਰ ਸਿੱਧੂ, ਸੁਖਵਿੰਦਰ ਸਿੰਘ ਸਿੱਧੂ, ਸਿਮਰਜੀਤ ਗਰੇਵਾਲ, ਹਰਮਿੰਦਰ ਕਾਲੜਾ ਅਤੇ ਸ਼ਾਇਰ ਭੱਟੀ ਦੇ ਨਾਂਅ ਸ਼ਾਮਿਲ ਹਨ।

## ਅਲੌਕਿਕ ਕੀਰਤਨ ਸਮਾਗਮ ਕਰਵਾਏ

**ਪੋਜੇਵਾਲ (ਰਾਮ ਲਾਲ)**- ਗੁਰੂ ਨਾਨਕ ਮਿਸ਼ਨ ਸੇਵਾ ਸੁਸਾਇਟੀ ਨਵਾਂਸ਼ਹਿਰ ਵੱਲੋਂ ਬਲਾਚੌਰ ਤਹਿਸੀਲ ਦੀਆਂ ਸਮੂਹ ਸੰਗਤਾਂ ਦੇ ਵਡਮੁੱਲੇ ਸਹਿਯੋਗ ਨਾਲ ਖਾਲਸਾ ਸਕੂਲ ਮਹਿੰਦੀਪੁਰ (ਬਲਾਚੌਰ) ਦੀ ਸਕੂਲ ਗਰਾਊਂਡ ਵਿਖੇ ਬੀਤੀ ਸ਼ਾਮ ਕਰਵਾਇਆ ਗਿਆ ਅਲੌਕਿਕ ਗੁਰਮਤਿ ਸਮਾਗਮ ਅਮਿੱਟ ਪੈੜਾਂ ਛੱਡਦਾ ਹੋਇਆ ਸੰਪੂਰਨ ਹੋਇਆ। ਰੰਗ ਬਰੰਗੇ ਫੁੱਲਾਂ ਨਾਲ ਸਜਾਈ ਗਈ ਸੁੰਦਰ ਪਾਲਕੀ ਵਿਚ ਸੁਸ਼ੋਭਿਤ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪਾਵਨ ਸਰੂਪ ਪੰਜ ਪਿਆਰਿਆਂ ਦੀ ਅਗਵਾਈ ਵਿੱਚ ਗੁਰਦੁਆਰਾ ਸਿੰਘ ਸਭਾ ਮਹਿੰਦੀਪੁਰ ਤੋਂ ਸਮਾਗਮ ਵਾਲੇ ਸਥਾਨ ਤੇ ਸਜਾਏ ਗਏ ਬਹੁਤ ਹੀ ਸੁੰਦਰ ਪੰਡਾਲ ਵਿੱਚ ਸੰਗਤਾਂ ਵੱਲੋਂ ਬੈਂਡ-ਵਾਜਿਆਂ ਨਾਲ ਫੁੱਲਾਂ ਦੀ ਵਰਖਾ ਕਰਦੇ ਹੋਏ ਲਿਆਂਦੇ ਗਏ। ਰਹਿਰਾਸ ਸਾਹਿਬ ਜੀ ਦੇ ਪਾਠ ਉਪਰੰਤ ਗਿਆਨੀ ਕੁਲਵਿੰਦਰ ਸਿੰਘ ਸੁੱਧਾ ਮਾਜਰਾ ਵੱਲੋਂ ਕਥਾ ਵਿਚਾਰਾਂ ਕਰਕੇ ਗੁਰਮਤਿ ਸਮਾਗਮ ਦੀ ਸ਼ੁਰੂਆਤ ਕੀਤੀ ਗਈ। ਉਪਰੰਤਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਦੇ ਸਾਬਕਾ ਹਜ਼ੂਰੀ ਰਾਗੀ ਭਾਈ ਰਵਿੰਦਰ ਸਿੰਘ ਨੇ ਅੰਮ੍ਰਿਤਮਈ ਬਾਣੀ ਦਾ ਕੀਰਤਨ ਕਰਕੇ ਸੰਗਤਾਂ ਨੂੰ ਨਿਹਾਲ ਕੀਤਾ। ਉਨ੍ਹਾਂ ਤੋਂ ਬਾਅਦ ਸਚਖੰਡ ਸ੍ਰੀ ਦਰਬਾਰ ਦੇ ਹਜ਼ੂਰੀ ਰਾਗੀ ਭਾਈ ਕਰਨੈਲ ਸਿੰਘ ਨੇ ਮਿੱਠੀ ਅਤੇ ਰਸਭਿੰਨੀ ਆਵਾਜ਼ ਵਿੱਚ ਸ਼ਬਦ ਗਾਇਨ ਕਰਕੇ ਸੰਗਤਾਂ ਦੇ ਮਨਾਂ ਨੂੰ ਮੋਹ ਲਿਆ। ਸੰਗਤਾਂ ਨੇ ਵੀ ਨਾਲ ਨਾਲ ਗੁਰਬਾਣੀ ਕੀਰਤਨ ਉਚਾਰ ਕੇ ਖੂਬ ਆਨੰਦ ਮਾਣਿਆ। ਕੀਰਤਨ ਉਪਰੰਤ ਪੰਥ ਦੇ ਮਹਾਨ ਕਥਾ ਵਾਚਕ ਭਾਈ ਸਰਬਜੀਤ ਸਿੰਘ ਜੀ ਲੁਧਿਆਣਾ ਵਾਲਿਆਂ ਨੇ ਗੁਰਮਤਿ ਵਿਚਾਰਾਂ ਅਤੇ ਗੁਰ ਇਤਿਹਾਸ ਨਾਲ ਸਾਂਝ ਪਾਈ।ਉਹਨਾਂ ਨੇ ਗੁਰੂ ਨਾਨਕ ਸਾਹਿਬ ਜੀ ਵੱਲੋਂ ਬਖਸ਼ੇ ਗਏ ਉਪਦੇਸ਼ਾਂ ਬਾਰੇ



ਵਿਸਥਾਰ ਸਹਿਤ ਚਾਨਣਾ ਪਾਇਆ।ਸੋਸਾਇਟੀ ਦੇ ਮੁੱਖ ਸੇਵਾਦਾਰ ਸੁਰਜੀਤ ਸਿੰਘ ਵੱਲੋਂ ਅਲੱਗ ਅਲੱਗ ਅਦਾਰਿਆਂ ਵੱਲੋਂ ਸੰਗਤਾਂ ਨੂੰ ਲਿਆਉਣ ਲਈ ਬੱਸਾਂ ਅਤੇ ਹੋਰ ਵਿਸ਼ੇਸ਼ ਸਾਧਨਾਂ ਨੂੰ ਉਪਲੱਬਧ ਕਰਾਉਣ ਲਈ ਪਾਏ ਗਏ ਯੋਗਦਾਨ ਲਈ ਉਹਨਾਂ ਦਾ ਵਿਸ਼ੇਸ਼ ਧੰਨਵਾਦ ਕੀਤਾ। ਉਹਨਾਂ ਨੇ ਸੰਗਤਾਂ ਨੂੰ ਇਸੇ ਤਰ੍ਹਾਂ ਵੱਧ ਚੜ ਕੇ ਹੋਰ ਵੀ ਵੱਡੀ ਗਿਣਤੀ ਵਿੱਚ 14, 15 ਅਤੇ 16 ਨਵੰਬਰ ਨੂੰ ਨਵਾਂ ਸ਼ਹਿਰ ਵਿਖੇ ਖਾਲਸਾ ਸਕੂਲ ਦੀ ਗਰਾਊਂਡ ਵਿੱਚ ਹੋਣ ਵਾਲੇ ਮਹਾਨ ਕੀਰਤਨ ਦਰਬਾਰ ਵਿੱਚ ਸ਼ਮੂਲੀਅਤ ਕਰਨ ਲਈ ਸੱਦਾ ਦਿੱਤਾ ਅਤੇ ਨਾਲ ਹੀ ਲੋੜਵੰਦ ਸੰਗਤਾਂ ਨੂੰ ਆਉਣ ਜਾਣ ਲਈ ਸੁਸਾਇਟੀ ਵਲੋਂ ਹਰ ਤਰ੍ਹਾਂ ਦੇ ਯਾਤਾਯਾਤ ਦੇ ਸਾਧਨ ਮੁਹੱਈਆ ਕਰਾਉਣ ਦਾ ਭਰੋਸਾ ਦਿੱਤਾ। ਸਟੇਜ ਦਾ ਸੰਚਾਲਨ ਭਾਈ ਤਰਲੋਚਨ ਸਿੰਘ ਖਟਕੜ ਕਲਾ ਵੱਲੋਂ ਕੀਤਾ ਗਿਆ। ਸਮਾਗਮ ਦੌਰਾਨ ਪਹੁੰਚੀਆਂ ਪ੍ਰਮੁੱਖ ਸ਼ਖ਼ਸੀਅਤਾਂ ਵਿੱਚ ਸੰਤੋਖ ਸਿੰਘ ਸ਼ਿਵਾਲਕ,ਦੀਦਾਰ ਸਿੰਘ ਗਹੂੰਣ, ਡਾਕਟਰ ਭੁਪਿੰਦਰ ਸਿੰਘ ਸੂਰੀ, ਬਾਬਾ ਰਜਿੰਦਰ ਸਿੰਘ ਖੰਡੂਪੁਰ, ਉੱਤਮ ਸਿੰਘ ਸੇਠੀ, ਤਰਲੋਕ ਸਿੰਘ ਸੇਠੀ ਗੁਰਦੇਵ ਸਿੰਘ ਗਹੂੰਣ, ਜਗਦੀਪ ਸਿੰਘ, ਕੇਵਲ ਸਿੰਘ, ਗੋਪਾਲ ਸਿੰਘ ਰੱਕੜ ਢਾਹਾਂ, ਅਮਰੀਕ ਸਿੰਘ ਬਛੌੜੀ, ਜਗਤਾਰ ਸਿੰਘ ਖਾਲਸਾ, ਤਲਵੀਰ ਸਿੰਘ, ਹਰੀਪਾਲ, ਮਨਜੀਤ ਸਿੰਘ ਸੋਹਲ, ਸੁਰਜੀਤ ਸਿੰਘ ਦੋਬਾਲੀ, ਰਜੇਸ਼ ਚੌਧਰੀ, ਕੁਲਵਿੰਦਰ ਸਿੰਘ, ਸੋਮਨਾਥ, ਅਜੀਤ ਪਾਲ, ਰਣਵੀਰ ਸਿੰਘ, ਪੰਜਾਬ ਸਿੰਘ, ਹਰਨੇਕ ਸਿੰਘ ਫੌਜੀ, ਹਰਨੇਕ ਸਿੰਘ ਧੌਲ, ਪਰਮਜੀਤ ਸਿੰਘ ਪੰਮਾ ਐਮ ਸੀ, ਕੁਲਦੀਪ ਸਿੰਘ, ਬਖਸ਼ੀਸ਼ ਸਿੰਘ ਅਤੇ ਗੁਰਮੇਲ ਸਿੰਘ, ਹਰਦੀਪ ਸਿੰਘ ਗੜ੍ਹਪਧਾਣਾ ਊਧਮ ਸਿੰਘ ਗੋਬਿੰਦਪੁਰ ਨੰਬਰਦਾਰ ਸਵਰਨ ਸਿੰਘ ਕੰਮ ਦਲਬਾਗ ਸਿੰਘ ਰਾਹੋਂ ਸੁਖਵਿੰਦਰ ਸਿੰਘ ਗੋਬਿੰਦਪੁਰ ਊਧਮ ਸਿੰਘ ਬਿੰਦਪੁਰ ਪਰਮਿੰਦਰ ਸਿੰਘ ਕਵਲ ਬਖਸ਼ੀਸ਼ ਸਿੰਘ ਸੈਣੀ ਬਾਬਾ ਗਿਆਨ ਸਿੰਘ ਹਕੀਕਤ ਸਿੰਘ ਭਗਵਾਨ ਸਿੰਘ ਹਰਪਾਲ ਸਿੰਘ ਅਕਲਿਆਣਾ ਕੁਲਜੀਤ ਸਿੰਘ ਖਾਲਸਾ ਪਰਮਜੀਤ ਸਿੰਘ ਮੂਸਾਪੁਰ ਭਾਈ ਸੁੱਚਾ ਸਿੰਘ ਬਰਨਾਲਾ ਕਲ ਜੀਤ ਸਿੰਘ ਵਜੀਦਪੁਰ ਬਲਬੀਰ ਸਿੰਘ ਕਬੌਰ ਗੁਰਦਿਆਲ ਸਿੰਘ ਮਜੂਰ ਅਮਨਦੀਪ ਸਿੰਘ ਬਲਦੀਪ ਸਿੰਘ ਦਲਜੀਤ ਸਿੰਘ ਬਡਵਾਲ ਅਤੇ ਮਹਿੰਦੀਪੁਰ ਸੇਵਾ ਸੁਸਾਇਟੀ ਦੇ ਵਲੰਟੀਅਰਜ਼ ਅਤੇ ਇਲਾਕੇ ਭਰ ਦੀਆਂ ਸੰਗਤਾਂ ਬਹੁਤ ਵੱਡੀ ਗਿਣਤੀ ਵਿੱਚ ਮੌਜੂਦ ਸਨ।

## ਗੜ੍ਹਾ ਦੇ ਕਈ ਪਰਵਾਰ 'ਵਾਰਿਸ ਪੰਜਾਬ ਦੇ' 'ਚ ਸ਼ਾਮਲ

**ਫਿਲੌਰ (ਨਿਰਮਲ)**- ਪੰਜਾਬ 'ਚ ਵਿਧਾਨ ਸਭਾ ਚੋਣਾਂ ਜਿਵੇਂ ਜਿਵੇਂ ਨਜ਼ਦੀਕ ਆ ਰਹੀਆਂ ਹਨ ਉਵੇਂ ਉਵੇਂ ਵਾਰਿਸ ਪੰਜਾਬ ਦੇ ਪਾਰਟੀ ਦੇ ਪਰਿਵਾਰ ਚ ਵਾਧਾ ਹੋ ਰਿਹਾ ਹੈ। ਇਸੇ ਲੜੀ ਤਹਿਤ ਫਿਲੌਰ ਦੇ ਨਜ਼ਦੀਕੀ



ਪਿੰਡ ਗੜ੍ਹਾ ਵਿਖੇ ਵਾਰਿਸ ਪੰਜਾਬ ਦੇ ਪਾਰਟੀ ਦੀ ਮੀਟਿੰਗ ਬੀਬੀ ਹਰਪ੍ਰੀਤ ਕੌਰ ਜ਼ਿਲ੍ਹਾ ਪ੍ਰਧਾਨ ਦੀ ਅਗਵਾਈ ਹੇਠ ਹੋਈ ਜਿਸ ਦੌਰਾਨ 40 ਦੇ ਕਰੀਬ ਪਰਿਵਾਰ ਵੱਖ ਵੱਖ ਪਾਰਟੀਆਂ ਛੱਡ ਕੇ ਵਾਰਿਸ ਪੰਜਾਬ ਦੇ ਪਾਰਟੀ ਚ ਸ਼ਾਮਲ ਹੋਏ।

ਇਸ ਮੌਕੇ ਬੀਬੀ ਹਰਪ੍ਰੀਤ ਕੌਰ ਨੇ ਕਿਹਾ ਕਿ ਵਾਰਿਸ ਪੰਜਾਬ ਦੇ ਦਾ ਇੱਕੋ ਇੱਕ ਮਕਸਦ ਹੈ ਕਿ ਪੰਜਾਬ 'ਚੋ ਨਸ਼ਾ ਖਤਮ ਕਰਕੇ ਨੌਜਵਾਨ ਪੀੜ੍ਹੀ ਨੂੰ ਬਚਾਉਣਾ ਹੈ ਜਿਸ ਲਈ ਪਾਰਟੀ ਸੰਘਰਸ਼ ਕਰਦੀ ਰਹੇਗੀ। ਇਸ ਮੌਕੇ ਸ਼ਾਮਿਲ ਹੋਣ ਵਾਲਿਆਂ ਚ ਬਾਬਾ ਬਲਵਿੰਦਰ ਸਿੰਘ ਗੜ੍ਹਾ, ਰਣਧੀਰ ਸਿੰਘ ਲਾਹੌਰੀਆ, ਸੁਖਦੇਵ ਸਿੰਘ, ਗੁਰਦੀਪ ਸਿੰਘ ਖ਼ਾਨਪੁਰ, ਅਵਤਾਰ ਸਿੰਘ ਜੱਜ, ਗਿਆਨੀ ਬਿੱਟੂ ਸਿੰਘ, ਬੰਟੀ, ਦਿਗਪਲ ਸਿੰਘ, ਦਲਵਿੰਦਰ ਸਿੰਘ ਲਖਨਪਾਲ, ਪਰਮਜੀਤ ਸਿੰਘ ਲਾਡੀ , ਲਵਪ੍ਰੀਤ ਸਿੰਘ ਰਾਠੌਰ , ਬੀਬੀ ਮਨਜੀਤ ਕੌਰ, ਬੀਬੀ ਹਰਜੀਤ ਕੌਰ ਲਾਹੌਰੀਆ, ਬੀਬੀ ਲਖਵਿੰਦਰ ਕੌਰ, ਬੀਬੀ ਸੁਖਵਿੰਦਰ ਕੌਰ ਅਤੇ ਸਨ। ਇਸ ਮੌਕੇ ਸ਼ਾਮਲ ਹੋਣ ਵਾਲਿਆਂ ਨੇ ਕਿਹਾ ਕਿ ਆਉਣ ਵਾਲੀਆਂ ਵਿਧਾਨ ਸਭਾ ਚੋਣਾਂ ਜਿਤਾਉਣ ਲਈ ਦਿਨ ਰਾਤ ਮਿਹਨਤ ਕਰਕੇ ਸਰਕਾਰ ਬਣਾਉਣਗੇ।

ਇਸ ਮੌਕੇ ਹਾਜ਼ਰ ਭਾਈ ਬੀਬੀ ਹਰਪ੍ਰੀਤ ਕੌਰ ਖਾਲਸਾ ਸੂਬਾ ਪ੍ਰਧਾਨ ਇਸਤਰੀ ਵਿੰਗ ਅਕਾਲੀ ਦਲ ਵਾਰਿਸ ਪੰਜਾਬ, ਭਾਈ ਜੀਵਨ ਸਿੰਘ ਯੂਥ ਸੇਵਾਦਾਰ, ਭਾਈ ਗੁਰਦੀਪ ਸਿੰਘ ਨਗਰ, ਭਾਈ ਜਗਜੀਵਨ ਸਿੰਘ ਨਗਰ, ਭਾਈ ਹਰਮਨ ਸਿੰਘ ਲਸਾੜਾ, ਭਾਈ ਬਲਵਿੰਦਰ ਸਿੰਘ ਗੜ੍ਹਾ, ਗੁਰਦੁਆਰਾ ਗੁਰੂ ਨਾਨਕ ਦਰਬਾਰ ਭਾਟ ਸਿੰਘ ਸਭਾ ਗੋਪਾਲ ਕਲੋਨੀ ਗੜ੍ਹਾ ਫ਼ਿਲੌਰ, ਭਾਈ ਗੁਰਦੀਪ ਸਿੰਘ ਸੱਤੀ ਅਤੇ ਹੋਰ ਹਾਜ਼ਰ ਸਨ।

## ਪ੍ਰਾਚੀਨ ਸ਼ਿਵ ਮੰਦਰ ਵਿਖੇ ਮਾਸਿਕ ਸੰਕੀਰਤਨ ਕਰਵਾਇਆ



**ਕਰਤਾਰਪੁਰ (ਹਰਮੇਸ਼ ਦੱਤ)**- ਕਰਤਾਰਪੁਰ ਦੇ ਮੁਹੱਲਾ ਸੇਖ਼ੜੀਆਂ ਸਥਿਤ ਪ੍ਰਾਚੀਨ ਸ਼ਿਵ ਸ਼ੰਕਰ ਮੰਦਰ ਵਿਖੇ ਪ੍ਰਾਚੀਨ ਸ਼ਿਵ ਸ਼ੰਕਰ ਧਰਮਸ਼ਾਲਾ ਕਮੇਟੀ ਵੱਲੋਂ ਪੰਡਿਤ ਉਮਾਸ਼ੰਕਰ ਦੀ ਦੇਖ-ਰੇਖ ਹੇਠ 52ਵਾਂ ਮਾਸਿਕ ਸੰਕੀਰਤਨ ਕਰਵਾਇਆ ਗਿਆ।

ਸਮਾਗਮ ਦੀ ਸ਼ੁਰੂਆਤ ਬੀਨਾ ਰਾਣੀ, ਬਿੰਦਰ, ਸਰਿਤਾ ਵਰਮਾ, ਜੋਤੀ ਜਗਪਾਲ, ਰੀਤਾ ਵਰਮਾ ਅਤੇ ਨਿਰਮਲਾ ਰਾਣੀ ਵੱਲੋਂ ਜੋਤ ਜਗਾ ਕੇ ਕੀਤੀ ਗਈ। ਇਸ ਤੋਂ ਬਾਅਦ ਮਹਿਲਾਵਾਂ ਨੇ ਸ੍ਰੀ ਗਣੇਸ਼ ਵੰਦਨਾ ਨਾਲ ਸੰਕੀਰਤਨ ਦੀ ਸ਼ੁਰੂਆਤ ਕੀਤੀ। ਇਸ ਮੌਕੇ ਬੀਨਾ ਰਾਣੀ, ਰਜਨੀ, ਨੀਰੂ, ਨਿਰਮਲਾ ਰਾਣੀ, ਮਾਸਟਰ ਅਮਰੀਕ ਸਿੰਘ, ਸਰਿਤਾ ਵਰਮਾ, ਸ਼ੈਲੀ ਅਤੇ ਕਾਮਿਨੀ ਸ਼ਰਮਾ ਨੇ ਭਗਤੀ ਭਰੇ ਭਜਨ ਗਾ ਕੇ ਹਾਜ਼ਰ ਸ਼ਰਧਾਲੂਆਂ ਨੂੰ ਮੰਤਰਮੁਗਧ ਕਰ ਦਿੱਤਾ।ਉਪਰੰਤ ਸ੍ਰੀ ਹਨੂੰਮਾਨ ਚਾਲੀਸਾ ਦਾ ਪਾਠ ਕੀਤਾ ਗਿਆ। ਇਸ ਤੋਂ ਬਾਅਦ ਆਰਤੀ ਕਰਕੇ ਭੋਗ ਲਗਾਇਆ ਗਿਆ ਅਤੇ ਸ਼ਰਧਾਲੂਆਂ ਵਿੱਚ ਪ੍ਰਸ਼ਾਦ ਵੰਡਿਆ ਗਿਆ। ਕਮੇਟੀ ਦੇ ਪ੍ਰਧਾਨ ਦੀਪਕ ਕੁਮਾਰ ਨੇ ਸਮਾਗਮ ਵਿੱਚ ਪਹੁੰਚੇ ਸਾਰੇ ਸ਼ਰਧਾਲੂਆਂ ਦਾ ਧੰਨਵਾਦ ਕੀਤਾ।

ਇਸ ਮੌਕੇ ਮੀਨਾ ਸੇਖੜੀ, ਨਿਰਮਲਾ ਰਾਣੀ, ਸੋਨੀਆ, ਡੌਲੀ, ਗੀਤਾ ਅਗਰਵਾਲ, ਰੇਖਾ ਅਗਰਵਾਲ, ਰੀਤਾ ਵਰਮਾ, ਮਧੂ, ਮੰਜੂ, ਲਿਜ਼ਾ, ਨੀਰੂ, ਰਜਨੀ, ਗੁੱਡੀ ਸ਼ਰਮਾ, ਕੁਲਦੀਪ ਵਰਮਾ, ਮਾਸਟਰ ਸਿਕੰਦਰ ਲਾਲ, ਕਾਲੂ ਵਰਮਾ, ਕ੍ਰਿਸ਼ਨਾ, ਕਵੀਸ਼ ਅਤੇ ਹੋਰ ਸ਼ਰਧਾਲੂ ਹਾਜ਼ਰ ਸਨ।

## ਈਸ਼ਰ ਸਿੰਘ ਨਾਮਧਾਰੀ 'ਉਸਤਾਦ ਬਿਸਮਿਲ੍ਹਾ ਖਾਂ' ਯੁਵਾ ਪੁਰਸਕਾਰ ਨਾਲ ਸਨਮਾਨਤ



**ਨਵੀਂ ਦਿੱਲੀ (ਨ ਜ਼ ਸ)**- ਸੰਗੀਤ ਨਾਟਕ ਅਕਾਦਮੀ ਨਵੀਂ ਦਿੱਲੀ (ਸੰਸਕ੍ਰਿਤੀ ਮੰਤਰਾਲਾ ਭਾਰਤ ਸਰਕਾਰ) ਵੱਲੋਂ ਮੇਘਦੂਤ ਥੀਏਟਰ ਰਵਿੰਦਰ ਭਵਨ ਨਵੀਂ ਦਿੱਲੀ ਵਿਖੇ ਉਸਤਾਦ ਬਿਸਮਿਲ੍ਹਾ ਖਾਂ ਯੁਵਾ ਪੁਰਸਕਾਰ 2024 ਈਸ਼ਰ ਸਿੰਘ ਨਾਮਧਾਰੀ ਨੂੰ ਹਿੰਦੁਸਤਾਨੀ ਵਾਦਨ ਸੰਗੀਤ (ਤਾਰ ਸ਼ਹਿਨਾਈ) ਦੇ ਖੇਤਰ ਵਿੱਚ ਪ੍ਰਦਾਨ ਕੀਤਾ ਗਿਆ। ਈਸ਼ਰ ਸਿੰਘ ਨਾਮਧਾਰੀ ਤਾਰ ਸ਼ਹਿਨਾਈ ਦੇ ਪਹਿਲੇ ਕਲਾਕਾਰ ਹਨ ਜਿਨ੍ਹਾਂ ਨੂੰ ਉਸਤਾਦ ਬਿਸਮਿੱਲਾ ਖਾਂ ਯੁਵਾ ਅਵਾਰਡ ਮਿਲਿਆ ਹੈ। ਅੱਜ ਤੋਂ ਪਹਿਲਾਂ ਤਾਰ ਸ਼ਹਿਨਾਈ ਵਿੱਚ ਇਹ ਅਵਾਰਡ ਕਿਸੇ ਨੂੰ ਵੀ ਨਹੀਂ ਮਿਲਿਆ।ਇਹ ਪੁਰਸਕਾਰ ਮਾਣਯੋਗ ਕੇਂਦਰੀ ਸੰਸਕ੍ਰਿਤੀ ਅਤੇ ਸੈਰ-ਸਪਾਟਾ ਮੰਤਰੀ ਗਜੇਂਦਰ ਸਿੰਘ ਸ਼ੇਖਾਵਤ ਵੱਲੋਂ ਪ੍ਰਦਾਨ ਕੀਤਾ ਗਿਆ। ਪ੍ਰੋਗਰਾਮ ਦੀ ਪ੍ਰਧਾਨਗੀ ਸੰਗੀਤ ਨਾਟਕ ਅਕਾਦਮੀ ਦੀ ਚੇਅਰਮੈਨ ਡਾ. ਸੰਧਿਆ ਪੁਰੇਚਾ ਨੇ ਕੀਤੀ। ਇਹ ਦੇਸ਼ ਦਾ ਵੱਕਾਰੀ ਯੁਵਾ ਸਨਮਾਨ ਹੈ। ਈਸ਼ਰ ਸਿੰਘ ਨਾਮਧਾਰੀ ਦੀ ਇਸ ਪ੍ਰਾਪਤੀ ਨਾਲ ਪੰਜਾਬ ਦਾ ਮਾਣ ਵਧਿਆ ਹੈ।

## ਅੰਤਰ-ਰਾਸ਼ਟਰੀ ਕਲਾਕਾਰ ਦਿਵਸ ਮਨਾਇਆ

**ਹੁਸ਼ਿਆਰਪੁਰ (ਬਲਵੀਰ ਸਿੰਘ ਸੈਣੀ)**- ਇੱਥੇ ਅੰਤਰ-ਰਾਸ਼ਟਰੀ ਕਲਾਕਾਰ ਦਿਵਸ ਦੇ ਮੌਕੇ ਤੇ ਇੱਕ ਗੈਟ-ਟੂ-ਗੈਦਰ ਦਾ ਆਯੋਜਨ ਸਥਾਨਕ ਸ਼ਿਰਾਜ਼ ਰਿਜੈਂਸੀ ਵਿਖੇ ਕੀਤਾ ਗਿਆ। ਇਸ ਦੇ ਮੁੱਖ ਮਹਿਮਾਨ ਸਾਬਕਾ ਐਮ ਪੀ ਅਵੀਨਾਸ਼ ਰਾਏ ਖੰਨਾ ਸਨ ਅਤੇ ਇਸ ਦੀ ਪ੍ਰਧਾਨਗੀ ਪਫਟਾ ਹੁਸ਼ਿਆਰਪੁਰ ਦੇ ਕਵਾਡੀਨੇਟਰ ਰੰਗ ਕਰਮੀ ਕਲਾਕਾਰ ਅਸ਼ੋਕ ਪੁਰੀ ਅਤੇ ਅਲਾਇੰਸ ਕੱਲਬ ਇੰਟਰਨੈਸ਼ਨਲ ਦੇ ਵਾਇਸ ਡਿਸਟ੍ਰਿਕ ਗਵਰਨਰ ਐਲੀ. ਅਸ਼ਵਨੀ ਕੁਮਾਰ ਦੱਤਾ ਨੇ ਕੀਤੀ।



ਇਸ ਆਯੋਜਨ ਦੇ ਪ੍ਰੋਜੈਕਟ ਚੇਅਰਮੈਨ ਸੁਮੇਸ਼ ਕੁਮਾਰ ਅਤੇ ਅੰਮ੍ਰਿਤ ਲਾਲ ਸਨ। ਅੰਤਰ-ਰਾਸ਼ਟਰੀ ਕਲਾਕਾਰ ਦਿਵਸ ਜੋ ਕਿ ਹੁਸ਼ਿਆਰਪੁਰ ਵਿੱਚ ਪਹਿਲੀ ਵਾਰ ਮਨਾਇਆ ਗਿਆ ਹੈ ਵਿੱਚ ਫਾਈਨ ਆਰਟਸ ਦੇ ਪ੍ਰੋਫੈਸਰ ਜਸਪਾਲ, ਅਧਿਆਪਕ ਸ਼ਸ਼ੀ ਕੁਮਾਰ, ਕੋਰੀਓਗ੍ਰਾਫਰ ਨਿਰਦੇਸ਼ਕ ਸ਼ਿਵਮ, ਗੁਰਮੇਲ ਧਾਲੀਵਾਲ, ਰਵਿੰਦਰ ਮੁੰਨਾ, ਕਲਾਕਾਰ ਅਜੈ ਸਹਿਦੇਵ, ਮਹੇਸ਼ ਕੁਮਾਰ ਅਤੇ ਜਸੀ ਪਿਪਲਾਂਵਾਲਾ ਨੇ ਪਫਟਾ ਹੁਸ਼ਿਆਰਪੁਰ ਵੱਲੋਂ ਕਰਵਾਏ ਗਏ ਇਸ ਪ੍ਰੋਗਰਾਮ ਦੀ ਪ੍ਰੰਸਸਾ ਕੀਤੀ ਅਤੇ ਆਪਣੇ ਵਿਚਾਰ ਸਾਂਝੇ ਕੀਤੇ। ਇਸ ਮੌਕੇ ਤੇ ਮੁੱਖ ਮਹਿਮਾਨ ਅਵੀਨਾਸ਼ ਰਾਏ ਖੰਨਾ ਨੇ ਦੱਸਿਆ ਕਿ ਕਲਾਕਾਰਾਂ ਦਾ ਮੰਨ ਸਾਫ਼ ਅਤੇ ਮਾਨਵਤਾ ਲਈ ਸਮਰਪਿਤ ਹੁੰਦਾ ਹੈ। ਉਹਨਾਂ ਕਿਹਾ ਕਿ ਕਲਾਕਾਰ ਸਮਾਜ ਵਿੱਚ ਵਿਚਰਦੀਆਂ ਗਤੀਵਿਧੀਆਂ ਤੋਂ ਜਲਦੀ ਹੀ ਪ੍ਰਭਾਵਿਤ ਹੁੰਦਾ ਹੈ ਅਤੇ ਆਪਣਾ ਪ੍ਰਤੀਕਰਮ ਸਮਾਜ ਵਿੱਚ ਆਪਣੀਆਂ ਕਿਰਤਾਂ, ਗੀਤ, ਪੇਟਿੰਗ, ਨਾਟਕ ਜਾਂ ਫਿਰ ਫਿਲਮਾਂ ਰਾਹੀਂ ਪੇਸ਼ ਕਰਦਾ ਹੈ। ਕਲਾਕਾਰ ਦੀ ਪਹਿਲੀ ਜ਼ੁਮੇਵਾਰੀ ਸਮਾਜਿਕ ਚੇਤਨਾ ਨੂੰ ਜਗਾਉਣਾ ਹੋਣਾ ਚਾਹੀਦਾ ਹੈ। ਇਸ ਮੌਕੇ ਤੇ ਪਫਟਾ ਹੁਸ਼ਿਆਰਪੁਰ ਦਾ ਕਵਾਡੀਨੇਟਰ ਅਸ਼ੋਕ ਪੁਰੀ ਨੇ ਦੱਸਿਆ ਕਿ ਹੁਸ਼ਿਆਰਪੁਰ ਜ਼ਿਲ੍ਹੇ ਦੇ ਅਨੇਕਾਂ ਕਲਾਕਾਰ ਬੋਲੀਵੁਡ ਅਤੇ ਪੋਲੀਵੁਡ ਵਿੱਚ ਆਪਣਾ ਨਾਂਅ ਬਣਾ ਚੁੱਕੇ ਹਨ, ਉਹਨਾਂ ਨੂੰ ਔਰਗੇਨਾਈਜ਼ ਹੋ ਕੇ ਕਲਾਕਾਰਾਂ ਦੀਆਂ ਮੁਸ਼ਕਿਲਾਵਾਂ ਨੂੰ ਹੱਲ ਕਰਵਾਉਣ ਅਤੇ ਲੋੜਵੰਦ ਕਲਾਕਾਰਾਂ ਨਾਲ ਖੜੇ ਹੋਣ ਦੀ ਜ਼ਰੂਰਤ ਹੈ। ਇਸ ਮੌਕੇ ਤੇ ਅਲਾਇੰਸ ਕਲੱਬ ਇੰਟਰਨੈਸ਼ਨਲ ਦੇ ਵਾਇਸ ਡਿਸਟ੍ਰਿਕ ਗਵਰਨਰ ਐਲੀ. ਅਸ਼ਵਨੀ ਕੁਮਾਰ ਦੱਤਾ ਅਤੇ ਮੁੱਖ ਮਹਿਮਾਨ ਅਵੀਨਾਸ਼ ਰਾਏ ਖੰਨਾ ਨੇ ਸਮੂਹ ਹਾਜ਼ਰ ਕਲਾਕਾਰਾਂ ਨੂੰ ਮੈਡਲ ਅਤੇ ਅਲਾਇੰਸ ਪਟਕਾ ਦੇ ਕੇ ਸਨਮਾਨਤ ਕੀਤਾ।

## ਬਾਬਾ ਬੰਦਾ ਸਿੰਘ ਬਹਾਦਰ ਜੀ ਲਾਸਾਨੀ ਜੀਵਨ ਨੂੰ ਸਮਰਪਤ ਕੀਰਤਨ ਦਰਬਾਰ ਸਮਾਪਤ

**ਮੇਹਟੀਆਣਾ (ਜਗਤਾਰ ਸਿੰਘ ਭੁੰਗਰਨੀ)**- ਪਿੰਡ ਭਾਮ ਵਿਖੇ ਸਿੱਖ ਕੌਮ ਦੇ ਮਹਾਨ ਜਰਨੈਲ ਬਾਬਾ ਬੰਦਾ ਸਿੰਘ ਬਹਾਦਰ ਜੀ ਦੇ ਲਾਸਾਨੀ ਜੀਵਨ ਨੂੰ ਸਮਰਪਿਤ ਹਰਵਿੰਦਰ ਸਿੰਘ ਨੋਨਾ ਅਮਰੀਕਾ, ਤਮੰਨਾ ਜਸਵਾਲ ਅਮਰੀਕਾ, ਰਸ਼ਪਾਲ ਸਿੰਘ ਅਮਰੀਕਾ, ਸਰਦਾਰ ਰਣਜੀਤ ਸਿੰਘ ਨਿਊਜ਼ੀਲੈਂਡ, ਭਾਈ ਸਰਵਣ ਸਿੰਘ ਸ਼ਹਿਰੀਆਂ, ਬਲਵਿੰਦਰ ਸਿੰਘ ਬਿੱਟੂ ਅਮਰੀਕਾ, ਸਤਪਾਲ ਸਿੰਘ ਜਸਵਾਲ, ਸੋਨੂੰ ਕੈਨੇਡਾ ਦੇ ਵਿਸ਼ੇਸ਼ ਸਹਿਯੋਗ ਨਾਲ ਮਨਾਇਆ ਜਾ ਰਿਹਾ ਮਹਾਨ ਕੀਰਤਨ ਦਰਬਾਰ ਤਨ-ਮਨ ਗੁਰੂ ਨੂੰ ਅਰਪਣ ਕਰਨ ਦਾ ਸੰਦੇਸ਼ ਦਿੰਦਿਆਂ ਸਮਾਪਤ ਹੋ ਗਿਆ। ਸਮਾਗਮ ਦੌਰਾਨ ਵੱਖ-ਵੱਖ ਸੰਪਰਦਾਵਾਂ ਦੇ ਮੁਖੀਆਂ ਸੰਤ ਬਾਬਾ ਸੁੱਖਾ ਸਿੰਘ ਜੀ ਪੀਰ ਬਾਲਾ ਵਾਲੇ, ਬਾਬਾ ਜਸਪਾਲ ਸਿੰਘ ਨੈਕੀ ਵਾਲੇ, ਸੰਤ ਬਾਬਾ ਸਰਬਜੀਤ ਸਿੰਘ-ਸੰਤ ਬਾਬਾ ਗੁਰਪ੍ਰੀਤ ਸਿੰਘ ਠੱਕਰਵਾਲ-ਮੋਜੋਮਜ਼ਾਰਾ, ਬਾਬਾ ਜੋਗਿੰਦਰ ਸਿੰਘ ਰਾਮਪੁਰ ਅਟਾਰੀ ਵਾਲੇ, ਬਾਬਾ ਸ਼ੇਰ ਸਿੰਘ ਨਡਾਲੋਂ, ਬਾਬਾ ਜਸਵੰਤ ਸਿੰਘ ਖੇੜਾ, ਭਾਈ ਲਖਬੀਰ ਸਿੰਘ ਰਾਣਾ ਡਾਂਨਸੀਵਾਲ, ਭਾਈ ਪਰਮਜੀਤ ਸਿੰਘ ਮੇਘੋਵਾਲ, ਨਿਹੰਗ ਬਾਬਾ ਕੁਲਵਰਨ ਸਿੰਘ ਗੋਪਾਲੀਆਂ ਆਦਿ ਤੇ ਇਲਾਕੇ ਦੀਆਂ ਸੰਗਤਾਂ ਨੇ ਵੱਡੀ ਗਿਣਤੀ ਵਿਚ ਹਾਜ਼ਰੀਆਂ ਭਰੀਆਂ। ਇਸ ਮੌਕੇ ਭਾਈ ਸੁਰਿੰਦਰ ਸਿੰਘ ਜੀ ਹਜ਼ੂਰੀ ਰਾਗੀ ਸ੍ਰੀ ਦਰਬਾਰ ਸਾਹਿਬ, ਡਾ. ਸੁਖਪ੍ਰੀਤ ਸਿੰਘ ਜੀ ਉਦੋਕੇ ਪ੍ਰਸਿੱਧ ਸਿੱਖ ਚਿੰਤਕ,



ਕਵੀਸ਼ਰ ਭਾਈ ਮਨਜੀਤ ਸਿੰਘ ਜੀ ਸੋਹੀ, ਢਾਡੀ ਭਾਈ ਬਲਬੀਰ ਸਿੰਘ ਜੀ ਵਾਰਸ, ਬਾਬਾ ਜਰਨੈਲ ਸਿੰਘ ਨਡਾਲੋਂ ਅਤੇ ਭਾਈ ਜਸਲੀਨ ਸਿੰਘ ਜੀ ਪਾਂਸ਼ਟਾ ਆਦਿ ਨੇ ਸੰਗਤਾਂ ਨੂੰ ਗੁਰਬਾਣੀ ਕਥਾ-ਕੀਰਤਨ, ਗੁਰਮਤਿ ਵਿਚਾਰਾਂ ਅਤੇ ਕਵੀਸ਼ਰੀ ਤੇ ਢਾਡੀ ਵਾਰਾਂ ਰਾਹੀਂ ਨਿਹਾਲ ਕੀਤਾ। ਇਸ ਮੌਕੇ ਪ੍ਰਬੰਧਕ ਕਮੇਟੀ ਵੱਲੋਂ ਭਾਈ ਲਾਲ ਸਿੰਘ ਜੀ ਅਕਾਲਗੜ੍ਹ (ਬੰਦੀ ਸਿੰਘ) ਨੂੰ ਯੋਧਾ-ਏ-ਕੌਮ ਐਵਾਰਡ ਨਾਲ ਸਨਮਾਨਤ ਕੀਤਾ ਗਿਆ। ਇਸ ਮੌਕੇ ਜਿੱਥੇ ਮੰਚ ਸੰਚਾਲਣ ਦੀ ਸੇਵਾ ਭਾਈ ਪਰਮਜੀਤ ਸਿੰਘ ਪੰਮਾ ਨੇ ਬਾਖੂਬੀ ਨਿਭਾਈ ਉੱਥੇ ਉਨ੍ਹਾਂ ਆਈਆਂ ਸੰਗਤਾਂ ਦਾ ਧੰਨਵਾਦ ਵੀ ਕੀਤਾ। ਇਸ ਮੌਕੇ ਪ੍ਰਮੁੱਖ ਸਖਸ਼ੀਅਤਾਂ ਨੂੰ ਸਿਰੋਪਾਓ ਦੇ ਕੇ ਸਨਮਾਨਤ ਕੀਤਾ ਗਿਆ। ਇਸ ਮੌਕੇ ਜਥੇਦਾਰ ਲਖਵਿੰਦਰ ਸਿੰਘ ਨਡਾਲੋਂ, ਅਮਰਜੀਤ ਸਿੰਘ ਰਾਜਾ ਜਾਂਗਲੀਆਣਾ, ਰਣਜੀਤ ਸਿੰਘ ਰੰਜੀ, ਬਲਵਿੰਦਰ ਸਿੰਘ, ਰਿੰਕੂ ਜਸਵਾਲ, ਤਜਿੰਦਰ ਸਿੰਘ ਰਿੰਕੂ, ਅਮਰਜੀਤ ਸਿੰਘ ਚੋਪੜਾ, ਸਾਬਕਾ ਚੇਅਰ ਪਰਸਨ ਬੀਬੀ ਸੁਰਿੰਦਰ ਕੌਰ, ਹਰਬੰਸ ਸਿੰਘ ਜੱਲੋਵਾਲ, ਕੁਲਦੀਪ ਸਿੰਘ ਜਾਂਗਲੀਆਣਾ, ਮਹਿੰਦਰ ਸਿੰਘ ਹਾਰਟਾ, ਗੁਰਦੀਪ ਸਿੰਘ ਪ੍ਰੇਮਪੁਰ, ਚਮਨ ਸਿੰਘ ਲਕਸੀਹਾਂ, ਦਲਜੀਤ ਸਿੰਘ ਰੂਪੋਵਾਲ, ਦਲਜੀਤ ਸਿੰਘ ਗੋਪਾਲੀਆਂ, ਕਿਰਪਾਲ ਸਿੰਘ ਪਾਲਾ ਅਜਨੋਹਾ, ਕਮਲਜੀਤ ਸਿੰਘ ਰਾਣਾ ਅਜਨੋਹਾ, ਮੁੰਟੀ ਪਰਮਾਰ ਜਾਂਗਲੀਆਣਾ, ਹਰਦੀਪ ਸਿੰਘ ਬੱਡੋਂ, ਦਲਜੀਤ ਸਿੰਘ ਗੋਪਾਲੀਆਂ, ਪੱਪਾ ਗੋਪਾਲੀਆਂ, ਬੱਬੀ ਚਿੱਤੋਂ, ਇੰਦਰਜੀਤ ਸਿੰਘ ਗੋਂਦਪੁਰ, ਤਨੂੰ ਖੈਰੜ, ਗੁਰਵਿੰਦਰ ਸਿੰਘ ਜਿੰਦੀ, ਮਾ. ਸੁਖਵਿੰਦਰ ਸਿੰਘ, ਮੇਜਰ ਸਿੰਘ ਲਹਿਲੀ ਆਦਿ ਹਾਜ਼ਰ ਸਨ।

## ਸ਼ਹੀਦ ਹਜ਼ਾਰਾ ਸਿੰਘ ਦੀ ਯਾਦ 'ਚ ਸ਼ਹੀਦੀ ਸਮਾਗਮ



**ਮੇਹਟੀਆਣਾ (ਜਗਤਾਰ ਸਿੰਘ ਭੁੰਗਰਨੀ)**- ਪਿੰਡ ਜਾਂਗਲੀਆਣਾ 'ਚ ਗੁਰਦੁਆਰਾ ਸਿੰਘ ਸਭਾ ਵਿਖੇ ਸ਼ਹੀਦ ਹਜ਼ਾਰਾ ਸਿੰਘ 'ਆਜ਼ਾਦ ਹਿੰਦ ਫ਼ੌਜ' ਦੀ ਯਾਦ ਵਿੱਚ ਸ਼ਹੀਦੀ ਸਮਾਗਮ ਭਾਈ ਦਿਲਬਾਗ ਸਿੰਘ ਤੇ ਭਾਈ ਜਸਵੀਰ ਸਿੰਘ ਦੀ ਅਗਵਾਈ ਵਿੱਚ ਸ਼ਰਧਾ ਪੂਰਵਕ ਕਰਵਾਇਆ ਗਿਆ। ਇਸ ਮੌਕੇ ਸ੍ਰੀ ਸਹਿਜ ਪਾਠ ਸਾਹਿਬ ਦੇ ਪਾਠ ਦੇ ਭੋਗ ਪਾਏ ਗਏ। ਉਪਰੰਤ ਭਾਈ ਰਾਜ ਪਰਮਿੰਦਰ ਸਿੰਘ ਫਗਵਾੜਾ ਆਦਿ ਨੇ ਸੰਗਤਾਂ ਨੂੰ ਕਥਾ-ਕੀਰਤਨ ਦੁਆਰਾ ਨਿਹਾਲ ਕੀਤਾ। ਇਸ ਮੌਕੇ ਕੁਲਦੀਪ ਸਿੰਘ ਖਾਲਸਾ, ਸਤਪਾਲ ਸਿੰਘ ਫਗਲਣਾ, ਜਸਵਿੰਦਰ ਕੌਰ ਰਾਜੂ, ਅਮਰਜੀਤ ਸਿੰਘ ਰਾਜਾ ਜਾਂਗਲੀਆਣਾ, ਸਰਬਜੀਤ ਸਿੰਘ ਨੋਨਾ, ਮਨਪ੍ਰੀਤ ਸਿੰਘ ਮਨੂੰ, ਚਰਨ ਕੌਰ, ਪਰਮਜੀਤ ਸਿੰਘ ਭਾਮ, ਸੁਰਿੰਦਰ ਕੌਰ ਸ਼ਿੰਦੀ, ਪਰਮਜੀਤ ਕੌਰ ਪਿੰਕੀ, ਰਜਿੰਦਰ ਕੌਰ, ਜੋਗਾ ਸਿੰਘ, ਮੋਹਣ ਸਿੰਘ, ਕਰਮਜੀਤ ਸਿੰਘ ਸਨੂੰ, ਕਿਸ਼ਨਾ ਡੱਬ, ਗੁਰਪ੍ਰੀਤ ਕੌਰ, ਸੁਖਵਿੰਦਰ ਕੌਰ, ਗੁਰਦੀਪ ਸਿੰਘ ਕਾਕਾ ਆਦਿ ਹਾਜ਼ਰ ਸਨ। ਇਸ ਮੌਕੇ ਗੁਰੂ ਕਾ ਲੰਗਰ ਅਤੁੱਟ ਵਰਤਾਇਆ ਜਾਵੇਗਾ।

## ਰਾਜਸਥਾਨ ਦਾ ਸੱਤ ਰੋਜ਼ਾ ਵਿੱਦਿਅਕ ਟੂਰ ਲਗਾਇਆ

**ਸ੍ਰੀ ਅਨੰਦਪੁਰ ਸਾਹਿਬ (ਅਰਵਿੰਦਰ ਸਿੰਘ ਬਿੰਦੀ)**- ਪੀਐਮ ਸ੍ਰੀ ਸ਼ਹੀਦ ਸਿਪਾਹੀ ਪਰਗਨ ਸਿੰਘ ਸਰਕਾਰੀ ਹਾਈ ਸਕੂਲ ਮਟੌਰ ਵੱਲੋਂ ਵਿਦਿਆਰਥੀਆਂ ਨੂੰ ਭਾਰਤ ਦੇ ਇਤਿਹਾਸ, ਸੱਭਿਆਚਾਰ ਅਤੇ ਵਿਰਾਸਤ ਨਾਲ ਜੋੜਨ ਲਈ ਰਾਜਸਥਾਨ ਦਾ ਸੱਤ ਰੋਜ਼ਾ ਵਿੱਦਿਅਕ ਟੂਰ ਲਗਾਇਆ ਗਿਆ। ਇਸ ਟੂਰ ਵਿੱਚ ਛੇਵੀਂ ਤੋਂ ਦਸਵੀਂ



ਜਮਾਤ ਤੱਕ ਦੇ 50 ਵਿਦਿਆਰਥੀਆਂ ਨੇ ਭਾਗ ਲਿਆ। ਉਨ੍ਹਾਂ ਦੇ ਨਾਲ ਇੰਚਾਰਜ ਅਧਿਆਪਕ ਗੁਰਜਤਿੰਦਰ ਪਾਲ ਸਿੰਘ ਅਤੇ ਗਣਿਤ ਅਧਿਆਪਕ ਰੋਹਿਤ ਵੀ ਮੌਜੂਦ ਰਹੇ। ਟੂਰ ਦੌਰਾਨ ਵਿਦਿਆਰਥੀਆਂ ਨੇ ਉਦੈਪੁਰ, ਜੋਧਪੁਰ ਅਤੇ ਜੈਸਲਮੇਰ ਦੇ ਪ੍ਰਸਿੱਧ ਇਤਿਹਾਸਕ ਅਤੇ ਸੱਭਿਆਚਾਰਕ ਸਥਾਨਾਂ ਦਾ ਦੌਰਾ ਕੀਤਾ। ਉਦੈਪੁਰ ਵਿਖੇ ਉਨ੍ਹਾਂ ਨੇ ਸਹੇਲੀਆਂ ਕੀ ਬਾੜੀ, ਲੋਕ ਕਲਾ ਮੰਡਲ, ਫਤਿਹਸਾਗਰ ਝੀਲ, ਸਿਟੀ ਪੈਲੇਸ, ਜਗਦੀਸ਼ ਮੰਦਰ ਅਤੇ ਪਿਛੋਲਾ ਝੀਲ ਦੇਖੀ। ਇਸ ਦੌਰਾਨ ਵਿਦਿਆਰਥੀਆਂ ਨੇ ਰਾਜਸਥਾਨ ਦੀ ਲੋਕ ਕਲਾ, ਰਵਾਇਤੀ ਪੁਸ਼ਾਕਾਂ, ਧਾਰਮਿਕ ਵਿਰਾਸਤ ਅਤੇ ਇਮਾਰਤੀ ਕਲਾ ਬਾਰੇ ਜਾਣਕਾਰੀ ਪ੍ਰਾਪਤ ਕੀਤੀ। ਜੋਧਪੁਰ ਜਾਂਦੇ ਸਮੇਂ ਵਿਦਿਆਰਥੀਆਂ ਨੇ ਹਲਦੀਘਾਟੀ ਦਾ ਦੌਰਾ ਕੀਤਾ ਅਤੇ ਮਹਾਰਾਣਾ ਪ੍ਰਤਾਪ ਦੀ ਬਹਾਦਰੀ ਤੇ ਇਤਿਹਾਸ ਬਾਰੇ ਜਾਣਿਆ। ਜੋਧਪੁਰ ਵਿੱਚ ਉਨ੍ਹਾਂ ਨੇ ਮੇਹਰਾਨਗੜ੍ਹ ਕਿਲ੍ਹੇ ਅਤੇ ਉਮੇਦ ਭਵਨ ਪੈਲੇਸ ਦੇਖੇ। ਇਸ ਤੋਂ ਇਲਾਵਾ ਸਥਾਨਕ ਬਾਜ਼ਾਰਾਂ ਵਿੱਚ ਰਾਜਸਥਾਨੀ ਜੀਵਨ ਸ਼ੈਲੀ ਨੂੰ ਨੇੜਿਓਂ ਦੇਖਣ ਦਾ ਮੌਕਾ ਮਿਲਿਆ। ਜੈਸਲਮੇਰ ਵਿਖੇ ਵਿਦਿਆਰਥੀਆਂ ਨੇ ਰਵਾਇਤੀ ਸੱਭਿਆਚਾਰਕ ਪ੍ਰੋਗਰਾਮ ਦਾ ਆਨੰਦ ਮਾਣਿਆ।

ਉਨ੍ਹਾਂ ਨੇ ਜੀਪ ਸਫਾਰੀ, ਊਠ ਦੀ ਸਵਾਰੀ ਅਤੇ ਥਾਰ ਮਾਰੂਥਲ ਦੇ ਰੇਤਲੇ ਟਿੱਬਿਆਂ ਦਾ ਅਨੁਭਵ ਕੀਤਾ। ਇਸ ਦੇ ਨਾਲ ਸੋਨਾਰ ਕਿਲ੍ਹੇ ਦਾ ਦੌਰਾ ਕਰਕੇ ਇਸ ਦੇ ਇਤਿਹਾਸ ਅਤੇ ਵਿਲੱਖਣ ਬਣਤਰ ਬਾਰੇ ਜਾਣਕਾਰੀ ਹਾਸਲ ਕੀਤੀ। ਸਕੂਲ ਵਾਪਸੀ ਉਪਰੰਤ ਇਸ ਟੂਰ ਨੂੰ ਵਿਦਿਆਰਥੀਆਂ ਲਈ ਗਿਆਨਵਰਧਕ ਅਤੇ ਯਾਦਗਾਰੀ ਤਜਰਬਾ ਦੱਸਿਆ ਗਿਆ। ਅਜਿਹੇ ਵਿੱਦਿਅਕ ਦੌਰੇ ਵਿਦਿਆਰਥੀਆਂ ਵਿੱਚ ਅਨੁਸ਼ਾਸਨ, ਆਪਸੀ ਸਹਿਯੋਗ ਅਤੇ ਸਮੂਹਿਕ ਭਾਵਨਾ ਵਿਕਸਿਤ ਕਰਨ ਦੇ ਨਾਲ ਉਨ੍ਹਾਂ ਦੇ ਸਰਵਪੱਖੀ ਵਿਕਾਸ ਵਿੱਚ ਵੀ ਅਹਿਮ ਭੂਮਿਕਾ ਨਿਭਾਉਂਦੇ ਹਨ।

## ਇਕੋਤਰੀ ਸਮਾਗਮ ਮੌਕੇ ਅਲੌਕਿਕ ਨਗਰ ਕੀਰਤਨ ਸਜਾਇਆ

**ਟਾਂਡਾ ਉੜਮੁੜ (ਜਸਵਿੰਦਰ ਸੰਧੂ, ਪੰਡਿਤ ਮਿਥਲੇਸ਼)**- ਮਹਾਨ ਸਾਲਾਨਾ ਇਕੋਤਰੀ ਸਮਾਗਮ ਨੂੰ ਸਮਰਪਤ ਵਿਸ਼ਾਲ ਤੇ ਅਲੌਕਿਕ ਨਗਰ ਕੀਰਤਨ ਸੰਗਤ ਦੇ ਭਾਰੀ ਉਤਸ਼ਾਹ ਹੇਠ ਟਾਂਡਾ ਵਿਖੇ ਪੂਰੇ ਜਾਹੋ



ਜਲਾਲ ਨਾਲ ਸਜਾਏ ਗਏ ਜੋ ਸਵੇਰੇ 10 ਵਜੇ ਤਪ ਅਸਥਾਨ ਸੱਚਖੰਡ ਵਾਸੀ ਬਾਬਾ ਬਲਵੰਤ ਸਿੰਘ ਤੋਂ ਰਵਾਨਾ ਹੋਏ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਦਰਸ਼ਨਾਂ ਲਈ ਏਅਰਕੰਡੀਸ਼ਨ ਪਾਲਕੀ ਸਾਹਿਬ ਨੂੰ ਵੱਖ ਵੱਖ ਤਰ੍ਹਾਂ ਦੇ ਫੁੱਲਾਂ ਨਾਲ ਸਜਾਇਆ ਗਿਆ ਸੀ। ਸੰਤ ਬਾਬਾ ਗੁਰਦਿਆਲ ਸਿੰਘ ਦੇ ਗੁਰਮਤਿ ਪ੍ਰਚਾਰ ਤੇ ਪ੍ਰਸਾਰ ਦੇ ਮਹਾਨ ਉਪਰਾਲੇ ਸਦਕਾ ਇਸ ਨਗਰ ਕੀਰਤਨ 'ਚ ਜਿਥੇ ਦੇਸ਼ ਵਿਦੇਸ਼ ਤੋਂ ਵੱਡੀ ਗਿਣਤੀ ਵਿਚ ਸੰਗਤ ਨਗਰ ਕੀਰਤਨ ਦੇ ਦਰਸ਼ਨ ਕਰਨ ਲਈ ਪੁੱਜੀ ਹੋਈ ਸੀ ਉਥੇ ਇਹ ਨਗਰ ਕੀਰਤਨ ਦਾਰਾਪੁਰ ਬਾਈਪਾਸ ਤੋਂ ਤਹਿਸੀਲ ਚੌਂ, ਹਸਪਤਾਲ ਚੌਕ ਤੋਂ ਬਾਬਾ ਬੂਟਾ ਭਗਤ ਚੌਕ ਤੇ ਸ਼ਹਿਰ ਦੇ ਪ੍ਰਮੁੱਖ ਬਾਜ਼ਾਰਾਂ ਵਿੱਚੋਂ ਹੁੰਦਾ ਹੋਇਆ ਦੇਰ ਸ਼ਾਮ ਡੇਰਾ ਬਾਬਾ ਬਲਵੰਤ ਸਿੰਘ ਵਿਖੇ ਸਮਾਪਤ ਹੋਇਆ। ਨਗਰ ਕੀਰਤਨ ਨੂੰ ਉਸ ਵੇਲੇ ਚਾਰ ਚੰਨ ਲੱਗ ਗਏ ਜਦੋਂ ਵੱਖ ਵੱਖ ਗੱਤਕਾ ਪਾਰਟੀਆਂ ਨੇ ਖਾਲਸਈ ਸ਼ਾਨ ਦੇ ਪ੍ਰਤੀਕ ਆਪਣੀ ਕਲਾ ਦਾ ਮੁਜ਼ਾਹਰਾ ਕੀਤਾ। ਖ਼ਾਲਸਾਈ ਇਤਿਹਾਸ ਨੂੰ ਦਰਸਾਉਂਦੀਆਂ ਪ੍ਰਦਰਸ਼ਨੀਆਂ ਵਿਸ਼ੇਸ਼ ਰੂਪ 'ਚ ਖਿੱਚ ਦਾ ਕੇਂਦਰ ਰਹੀਆਂ ਸੰਤ ਬਾਬਾ ਗੁਰਦਿਆਲ ਸਿੰਘ ਜੀ ਨੇ ਇਸ ਨਗਰ ਕੀਰਤਨ ਦੌਰਾਨ ਪੁੱਜੀ ਸਮੁੱਚੀ ਸੰਗਤ ਦਾ ਧੰਨਵਾਦ ਕੀਤਾ। ਇਸ ਮੌਕੇ ਸੰਤ ਬਾਬਾ ਗੁਰਦੀਪ ਸਿੰਘ ਖੁਜਾਲੇ ਵਾਲੇ, ਸੰਤ ਜੋਗਾ ਸਿੰਘ ਜੀ ਰਾਮੂ ਥਿਆੜਾ, ਸੰਤ ਅਮਰੀਕ ਸਿੰਘ ਜੀ ਸੰਤ ਰਜਨੀਸ਼ ਸਿੰਘ ਜੀ, ਸੰਤ ਬਾਬਾ ਪਰਮਜੀਤ ਸਿੰਘ ਜੀ, ਸੰਤ ਦਵਿੰਦਰ ਸਿੰਘ, ਬਾਬਾ ਹਰਜਿੰਦਰ ਸਿੰਘ ਤੋਂ ਇਲਾਵਾ ਹੋਰ ਮਹਾਂਪੁਰਸ਼ ਪੁੱਜੇ। ਇਸ ਮੌਕੇ ਹਲਕਾ ਵਿਧਾਇਕ ਜਸਵੀਰ ਸਿੰਘ ਰਾਜਾ, ਸਾਬਕਾ ਮੰਤਰੀ ਸੰਗਤ ਸਿੰਘ ਗਿਲਜੀਆਂ, ਅਰਵਿੰਦਰ ਸਿੰਘ ਰਸੂਲਪੁਰ, ਮਨਜੀਤ ਸਿੰਘ ਦਸੂਹਾ, ਹਰਮੀਤ ਸਿੰਘ ਔਲਖ, ਸੁਖਵਿੰਦਰ ਸਿੰਘ ਮੂਨਕ, ਕਮਲਜੀਤ ਸਿੰਘ ਤੁਲੀ , ਬਿਕਰਮ ਸਿੰਘ ਲਾਲੀ, ਬਲਵਿੰਦਰ ਸਿੰਘ ਚਤੋਵਾਲ, ਮਹਿੰਗਾ ਸਿੰਘ ਚਤੋਵਾਲ, ਦੁਬਈ ਤੋਂ ਆਏ ਸੇਖ ਤੇ ਹੋਰ ਹਾਜ਼ਰ ਸਨ। ਜ਼ਿਕਰਯੋਗ ਹੈ ਕਿ ਇਕੋਤਰੀ ਸਮਾਗਮਾਂ ਦੀ ਸੰਪੂਰਨਤਾ 26 ਅਕਤੂਬਰ ਨੂੰ ਸਵੇਰੇ 10 ਤੋਂ ਸ਼ਾਮ 4 ਵਜੇ ਤੱਕ ਗੁਰਮਤਿ ਸਮਾਗਮ ਦੌਰਾਨ ਹੋਵੇਗੀ। ਇਸ ਮੌਕੇ ਸੰਗਤਾਂ ਦੇ ਗੁਰੂ ਵਾਲੇ ਬਣਨ ਲਈ ਖੰਡੇ ਬਾਟੇ ਦੀ ਪਹੁਲ ਵੀ ਤਿਆਰ ਹੋਵੇਗੀ। ਸੰਤ ਬਾਬਾ ਗੁਰਦਿਆਲ ਸਿੰਘ ਨੇ ਸਮੂਹ ਸੰਗਤ ਨੂੰ ਇਸ ਦਾ ਵੱਧ ਤੋਂ ਵੱਧ ਲਾਹਾ ਖੱਟਣ ਲਈ ਪ੍ਰੇਰਿਆ।

## ਸਾਹਿਤ ਆਸ਼ਰਮ ਪੁਸਤਕ ਵਿਚਾਰ-ਚਰਚਾ ਤੇ ਸਨਮਾਨ ਸਮਾਰੋਹ ਕਰਵਾਏਗਾ



**ਟਾਂਡਾ ਉੜਮੁੜ (ਜਸਵਿੰਦਰ ਸੰਧੂ ਪੰਡਿਤ ਮਿਥਲੇਸ਼)** ਸਾਹਿਤ ਆਸ਼ਰਮ ਟਾਂਡਾ ਦੀ ਜ਼ਰੂਰੀ ਮੀਟਿੰਗ ਸਭਾ ਦੇ ਪ੍ਰਧਾਨ ਮਲਕੀਤ ਜੌੜਾ ਦੀ ਪ੍ਰਧਾਨਗੀ ਹੇਠ ਐਤਵਾਰ ਨੂੰ ਸਰਕਾਰੀ ਕਾਲਜ ਟਾਂਡਾ ਵਿਖੇ ਕੀਤੀ ਗਈ। ਸਮੂਹ ਮੈਂਬਰਾਨ ਦੀ ਹਾਜ਼ਰੀ ਵਿੱਚ ਨਵੰਬਰ ਮਹੀਨੇ ਵਿੱਚ ਡਾ.ਬਲਦੇਵ ਸਿੰਘ ਬੱਦਨ ਰਚਿਤ ਗ਼ਜ਼ਲ ਸੰਗ੍ਰਹਿ 'ਸੁਫਨਿਆਂ ਦੇ ਫੱਕਰ' ਲੋਕ ਅਰਪਣ ਤੇ ਵਿਚਾਰ ਚਰਚ ਕਰਵਾਉਣ ਅਤੇ ਦੋ ਪੰਜਾਬੀ ਸਾਹਿਤਕਾਰ ਸਖ਼ਸ਼ੀਅਤਾਂ ਨੂੰ ਸਨਮਾਨਿਤ ਕਰਨ ਦਾ ਫੈਸਲਾ ਲਿਆ ਗਿਆ। ਸਮਾਗਮ ਨੂੰ ਨੇਪਰੇ ਚੜ੍ਹਾਉਣ ਲਈ ਸਮੂਹ ਮੈਂਬਰਾਨ ਨੇ ਆਪਣੇ-ਆਪਣੇ ਵਿਚਾਰ ਵੀ ਰੱਖੇ। ਇਸ ਮੀਟਿੰਗ ਵਿੱਚ ਸਭਾ ਦੇ ਸਰਪ੍ਰਸਤ ਡਾ. ਨਿਰੰਜਨ, ਜਨਰਲ ਸਕੱਤਰ ਪੰਮੀ ਦਿਵੇਦੀ,ਸੀਨੀਅਰ ਮੀਤ ਪ੍ਰਧਾਨ, ਡਾ. ਅਰਮਨਪ੍ਰੀਤ ਸਿੰਘ ,ਰਾਮ ਲਾਲ ਭਗਤ, ਬਿਮਲਾ ਦੁਗਲ, ਗੀਤਕਾਰ ਹਰਵਿੰਦਰ ਉਹੜਪੁਰੀ,ਅਜਮੇਰ ਕੰਧਾਲਾ, ਸਤੀਸ਼ ਕੁਮਾਰ ਹਾਜ਼ਰ ਸਨ।

## ਬਾਬਾ ਬਾਲਕ ਨਾਥ ਦਾ ਜਾਗਰਣ ਕਰਵਾਇਆ

**ਮੋਰਿੰਡਾ (ਨਿਹਾਲ ਸਿੰਘ ਕਲਸੀ)** ਬਖਸ਼ਿਸ਼ ਪੌਣਾਹਾਰੀ ਦੀ ਸੋਸ਼ਲ ਵੈਲਫੇਅਰ ਕਲੱਬ (ਰਜਿ.) ਮੋਰਿੰਡਾ ਵੱਲੋਂ ਸਿੱਧ ਸ੍ਰੀ ਬਾਬਾ ਬਾਲਕ ਨਾਥ ਜੀ ਦਾ 11ਵਾਂ ਵਿਸ਼ਾਲ ਜਾਗਰਣ ਸ਼ਰਧਾ ਅਤੇ ਉਤਸ਼ਾਹ ਨਾਲ ਮਨਾਇਆ ਗਿਆ। ਇਸ ਧਾਰਮਿਕ ਸਮਾਗਮ ਦੌਰਾਨ ਬਾਬਾ ਜੀ ਦਾ ਸ਼ਾਨਦਾਰ ਦਰਬਾਰ ਸਜਾਇਆ ਗਿਆ, ਜਿੱਥੇ ਵੱਡੀ ਗਿਣਤੀ ਵਿੱਚ ਸ਼ਰਧਾਲੂਆਂ ਨੇ ਮੱਥਾ ਟੇਕ ਕੇ ਬਾਬਾ ਜੀ ਦਾ ਆਸ਼ੀਰਵਾਦ ਪ੍ਰਾਪਤ ਕੀਤਾ। ਇਸ ਸਬੰਧੀ ਜਾਣਕਾਰੀ ਦਿੰਦਿਆਂ ਮੁੱਖ ਸੇਵਾਦਾਰ ਤਰਸੇਮ ਸਿੰਘ ਨੇ ਦੱਸਿਆ ਕਿ ਧਾਰਮਿਕ ਸਮਾਗਮ ਦੀ ਸ਼ੁਰੂਆਤ ਬਾਬਾ ਬਾਲਕ ਨਾਥ ਦੇ ਮੰਦਰ ਵਿੱਚ ਆਰਤੀ ਨਾਲ ਹੋਈ। ਇਸ ਤੋਂ ਬਾਅਦ ਵਿਧੀਵਤ ਹਵਨ ਕਰਵਾਇਆ ਗਿਆ ਅਤੇ ਬਾਬਾ ਜੀ ਦੀ ਜੋਤ ਪ੍ਰਚੰਡ ਕਰਨ ਦੀ ਰਸਮ ਅਦਾ ਕੀਤੀ ਗਈ। ਇਸ ਉਪਰੰਤ ਸਰਵਜਨਕ ਕੀਰਤਨ ਸ਼ੁਰੂ ਹੋਇਆ। ਮੰਦਰ ਵਿੱਚ ਸਜਾਏ ਗਏ ਬਾਬਾ ਜੀ ਦੇ ਭਵਯ ਦਰਬਾਰ ਨੇ ਸਮੁੱਚੇ ਮਾਹੌਲ ਨੂੰ ਭਗਤੀਮਈ ਬਣਾ ਦਿੱਤਾ। ਇਸ ਦੌਰਾਨ ਸ਼ਰਧਾਲੂਆਂ ਨੇ ਭਜਨ-ਕੀਰਤਨ ਵਿੱਚ ਸ਼ਮੂਲੀਅਤ ਕਰਦਿਆਂ ਆਪਣੀ ਸ਼ਰਧਾ ਦਾ



ਪ੍ਰਗਟਾਵਾ ਕੀਤਾ। ਇਸ ਮੌਕੇ ਸੰਤ ਬਾਬਾ ਸ੍ਰੀ ਸਤਨਾਮ ਦਾਸ ਜੀ ਮਹਾਰਾਜ ਮਹਿਦੂਦਾਂ ਵਾਲਿਆਂ ਨੇ ਭਜਨ-ਕੀਰਤਨ ਰਾਹੀਂ ਸੰਗਤ ਨੂੰ ਨਿਹਾਲ ਕੀਤਾ। ਉੱਥੇ ਹੀ ਸੱਤਾ ਮੰਡਲੀ ਅਤੇ ਪਾਰਟੀ ਵੱਲੋਂ ਬਾਬਾ ਬਾਲਕ ਨਾਥ ਜੀ ਦਾ ਗੁਣਗਾਨ ਕਰਕੇ ਸ਼ਰਧਾਲੂਆਂ ਨੂੰ ਭਗਤੀ ਰਸ ਨਾਲ ਜੋੜਿਆ ਗਿਆ। ਧਾਰਮਿਕ ਸਮਾਗਮ ਦੌਰਾਨ ਸੰਗਤ ਵਿੱਚ ਵਿਸ਼ੇਸ਼ ਉਤਸ਼ਾਹ ਦੇਖਣ ਨੂੰ ਮਿਲਿਆ। ਇਸ ਮੌਕੇ ਡੁੱਗੂ ਭਗਤ ਜੀ, ਸੁਖਪ੍ਰੀਤ ਕੌਰ, ਮਹੰਤ ਬਾਲਸੰਡਾ, ਕੁਲਵਿੰਦਰ ਦੇਵੀ, ਮਹਿਕ ਮਹੰਤ ਮੋਰਿੰਡਾ, ਮਹੰਤ ਪਰਮਜੀਤ ਮੋਰਿੰਡਾ, ਬਾਈ ਜੀ ਟੰਡਾਰੀ ਵਾਲੇ, ਮਾਤਾ ਆਸ਼ਾਪੂਰਨੀ ਜੀ, ਸ੍ਰੀ ਮਨਜੀਤ ਸਿੰਘ, ਬਾਬਾ ਗੁਰਮੀਤ ਸਿੰਘ ਜੀ, ਸ੍ਰੀ ਪਰਮਜੀਤ ਸਿੰਘ ਜੀ, ਬੀਬੀ ਗਗਨ ਜੀ, ਬੀਬੀ ਸ਼ਬਨਮ ਅਤੇ ਬੀਬੀ ਜਸਵੀਰ ਕੌਰ ਕੀਰਤਪੁਰ ਸਾਹਿਬ ਸਮੇਤ ਹੋਰ ਸ਼ਰਧਾਲੂ ਵੀ ਹਾਜ਼ਰ ਸਨ। ਇਸ ਧਾਰਮਿਕ ਸਮਾਗਮ ਵਿੱਚ ਵੱਡੀ ਗਿਣਤੀ ਵਿੱਚ ਸੰਗਤ ਨੇ ਪਹੁੰਚ ਕੇ ਬਾਬਾ ਜੀ ਦੇ ਦਰਬਾਰ ਵਿੱਚ ਹਾਜ਼ਰੀ ਭਰੀ। ਜਾਗਰਣ ਦੇ ਮੌਕੇ ਲਗਾਏ ਗਏ ਭੰਡਾਰੇ ਵਿੱਚ ਸ਼ਰਧਾਲੂਆਂ ਨੇ ਪ੍ਰਸ਼ਾਦ ਛਕਿਆ। ਬਖਸ਼ਿਸ਼ ਪੌਣਾਹਾਰੀ ਦੀ ਸੋਸ਼ਲ ਵੈਲਫੇਅਰ ਕਲੱਬ ਦੇ ਪ੍ਰਬੰਧਕਾਂ ਨੇ ਧਾਰਮਿਕ ਸਮਾਗਮ ਵਿੱਚ ਸਹਿਯੋਗ ਦੇਣ ਵਾਲੇ ਸਮੂਹ ਸ਼ਰਧਾਲੂਆਂ ਅਤੇ ਸੇਵਾਦਾਰਾਂ ਦਾ ਧੰਨਵਾਦ ਕੀਤਾ।

## ਪ੍ਰਗਟ ਦਿਵਸ ਮੌਕੇ ਦੋ ਵਿਸ਼ਾਲ ਸ਼ੋਭਾ ਯਾਤਰਾਵਾਂ ਸਜਾਈਆਂ

**ਕਰਤਾਰਪੁਰ (ਹਰਮੇਸ਼ ਦੱਤ)**- ਸ੍ਰਿਸ਼ਟੀ ਦੇ ਰਚਨਹਾਰ ਅਤੇ ਸ੍ਰੀ ਰਾਮਾਇਣ ਦੇ ਰਚੇਤਾ ਭਗਵਾਨ ਮਹਾਰਿਸ਼ੀ ਵਾਲਮੀਕਿ ਜੀ ਦੇ ਪਾਵਨ ਪ੍ਰਗਟ ਦਿਵਸ ਦੇ ਸਬੰਧ ਵਿੱਚ ਕਰਤਾਰਪੁਰ ਦੇ ਮੰਡੀ ਮੁਹੱਲੇ ਅਤੇ ਰਿਸ਼ੀ ਨਗਰ ਮੁਹੱਲੇ ਵਿੱਚ ਸਥਿਤ ਭਗਵਾਨ ਵਾਲਮੀਕਿ ਮੰਦਰਾਂ ਤੋਂ ਸ਼ਰਧਾ ਅਤੇ ਉਤਸ਼ਾਹ ਨਾਲ ਵਿਸ਼ਾਲ ਸ਼ੋਭਾ ਯਾਤਰਾਵਾਂ ਸਜਾਈਆਂ ਗਈਆਂ। ਇਸ ਮੌਕੇ ਸਮੁੱਚਾ ਸ਼ਹਿਰ 'ਹਰ-ਹਰ ਵਾਲਮੀਕਿ' ਦੇ ਜੈਕਾਰਿਆਂ ਨਾਲ ਗੂੰਜ ਉੱਠਿਆ।ਮੰਡੀ ਮੁਹੱਲੇ ਵਿੱਚ ਸਥਿਤ ਭਗਵਾਨ ਵਾਲਮੀਕਿ ਮੰਦਰ ਤੋਂ ਮਹਾਰਿਸ਼ੀ ਵਾਲਮੀਕਿ ਵੈਲਫੇਅਰ ਮਿਸ਼ਨ (ਰਜਿ.) ਵੱਲੋਂ ਪ੍ਰਧਾਨ ਅਮਰਜੀਤ ਖੋਸਲਾ ਦੀ ਦੇਖ-ਰੇਖ ਹੇਠ ਸ਼ੋਭਾ ਯਾਤਰਾ ਕੱਢੀ ਗਈ। ਇਸੇ ਤਰ੍ਹਾਂ ਰਿਸ਼ੀ ਨਗਰ ਮੁਹੱਲੇ ਵਿੱਚ ਸਥਿਤ ਮਹਾਰਿਸ਼ੀ ਵਾਲਮੀਕਿ ਮੰਦਰ ਤੋਂ ਮਹਾਰਿਸ਼ੀ ਵਾਲਮੀਕਿ ਬ੍ਰਹਮ ਮੰਡਲ ਵੱਲੋਂ ਪ੍ਰਧਾਨ ਲਵ ਕੁਮਾਰ ਸੋਂਧੀ ਦੀ ਅਗਵਾਈ ਹੇਠ ਸ਼ੋਭਾ ਯਾਤਰਾ ਦਾ ਆਯੋਜਨ ਕੀਤਾ ਗਿਆ। ਦੋਵਾਂ ਥਾਵਾਂ 'ਤੇ ਪਹਿਲਾਂ ਵਿਧੀਵਤ ਪੂਜਾ-ਅਰਚਨਾ ਕੀਤੀ ਗਈ ਅਤੇ ਫਿਰ ਸ਼ਰਧਾਲੂਆਂ ਦੀ ਹਾਜ਼ਰੀ ਵਿੱਚ ਸ਼ੋਭਾ ਯਾਤਰਾਵਾਂ ਰਵਾਨਾ ਹੋਈਆਂ।ਸ਼ੋਭਾ ਯਾਤਰਾਵਾਂ ਦੌਰਾਨ ਸੁੰਦਰ ਢੰਗ ਨਾਲ ਸਜਾਈ ਗਈ ਪਾਲਕੀ ਵਿੱਚ ਸੁਸ਼ੋਭਿਤ ਸ੍ਰੀ ਰਾਮਾਇਣ ਅੱਗੇ ਸ਼ਰਧਾਲੂਆਂ ਨੇ



ਫੁੱਲਾਂ ਦੀ ਵਰਖਾ ਕਰਦਿਆਂ ਨਤਮਸਤਕ ਹੋ ਕੇ ਮੱਥਾ ਟੇਕਿਆ। ਸ੍ਰੀ ਰਾਮਾਇਣ ਜੀ ਨਾਲ ਸਬੰਧਤ ਮਨਮੋਹਕ ਝਾਕੀਆਂ ਵੀ ਸਜਾਈਆਂ ਗਈਆਂ। ਮਹਿਲਾ ਸੰਕੀਰਤਨ ਮੰਡਲਾਂ ਵੱਲੋਂ ਭਜਨ-ਕੀਰਤਨ ਕੀਤਾ ਗਿਆ, ਜਿਸ ਨਾਲ ਮਾਹੌਲ ਪੂਰੀ ਤਰ੍ਹਾਂ ਭਗਤੀਮਈ ਹੋ ਗਿਆ।ਇਸ ਮੌਕੇ ਵਿਧਾਇਕ ਬਲਕਾਰ ਸਿੰਘ, ਸਾਬਕਾ ਵਿਧਾਇਕ ਚੌਧਰੀ ਸੁਰਿੰਦਰ ਸਿੰਘ, ਕਰਤਾਰਪੁਰ ਕਾਂਗਰਸ ਦੇ ਹਲਕਾ ਇੰਚਾਰਜ ਅਤੇ ਸੇਵਾਮੁਕਤ ਐੱਸ ਐੱਸ ਪੀ ਰਾਜਿੰਦਰ ਸਿੰਘ ਅਤੇ ਨਗਰ ਕੌਂਸਲ ਦੇ ਪ੍ਰਧਾਨ ਵਰੁਣ ਬਾਬਾ ਨੇ ਸ਼ੋਭਾ ਯਾਤਰਾਵਾਂ ਵਿੱਚ ਪਹੁੰਚ ਕੇ ਮੱਥਾ ਟੇਕਿਆ ਅਤੇ ਭਗਵਾਨ ਵਾਲਮੀਕਿ ਜੀ ਦਾ ਆਸ਼ੀਰਵਾਦ ਪ੍ਰਾਪਤ ਕੀਤਾ। ਪ੍ਰਬੰਧਕ ਕਮੇਟੀਆਂ ਵੱਲੋਂ ਪਹੁੰਚੀਆਂ ਸ਼ਖ਼ਸੀਅਤਾਂ ਨੂੰ ਸਨਮਾਨਿਤ ਵੀ ਕੀਤਾ ਗਿਆ। ਸ਼ੋਭਾ ਯਾਤਰਾ ਦੇ ਰਸਤੇ ਵਿੱਚ ਵੱਖ-ਵੱਖ ਸਮਾਜ ਸੇਵੀ ਸੰਸਥਾਵਾਂ ਅਤੇ ਸ਼ਰਧਾਲੂਆਂ ਵੱਲੋਂ ਲੰਗਰ ਲਗਾਏ ਗਏ। ਕਈ ਥਾਵਾਂ 'ਤੇ ਸਵਾਗਤੀ ਮੰਚ ਸਜਾ ਕੇ ਸ਼ੋਭਾ ਯਾਤਰਾ ਦਾ ਸਵਾਗਤ ਕੀਤਾ ਗਿਆ। ਸ਼ਹਿਰ ਵਾਸੀਆਂ ਨੇ ਵੱਡੀ ਗਿਣਤੀ ਵਿੱਚ ਸ਼ਾਮਲ ਹੋ ਕੇ ਭਗਵਾਨ ਵਾਲਮੀਕਿ ਪ੍ਰਤੀ ਆਪਣੀ ਸ਼ਰਧਾ ਦਾ ਪ੍ਰਗਟਾਵਾ ਕੀਤਾ। ਪ੍ਰਬੰਧਕਾਂ ਅਤੇ ਸ਼ਹਿਰ ਦੀਆਂ ਪ੍ਰਮੁੱਖ ਸ਼ਖ਼ਸੀਅਤਾਂ ਨੇ ਕੀਤੀ ਸ਼ਮੂਲੀਅਤਮੰਡੀ ਮੁਹੱਲੇ ਦੀ ਸ਼ੋਭਾ ਯਾਤਰਾ ਵਿੱਚ ਪ੍ਰਧਾਨ ਅਮਰਜੀਤ ਖੋਸਲਾ, ਚਰਨਜੀਤ (ਚਨਮਾਹੀ), ਵਿਪਨ ਥਾਪਰ, ਰਮੇਸ਼ ਨਾਹਰ, ਸ਼ੰਮੀ ਨਾਹਰ, ਪਵਨ ਭੱਟੀ, ਜਸਵਿੰਦਰ ਨਿੱਕੂ ਅਤੇ ਲਾਲੀ ਕਰਤਾਰਪੁਰੀ ਸਮੇਤ ਕਈ ਸ਼ਖ਼ਸੀਅਤਾਂ ਹਾਜ਼ਰ ਸਨ।ਰਿਸ਼ੀ ਨਗਰ ਮੁਹੱਲੇ ਦੀ ਸ਼ੋਭਾ ਯਾਤਰਾ ਵਿੱਚ ਪ੍ਰਧਾਨ ਲਵ ਕੁਮਾਰ ਸੋਂਧੀ, ਪੰਜਾਬ ਸਫ਼ਾਈ ਕਰਮਚਾਰੀ ਕਮਿਸ਼ਨ ਦੇ ਚੇਅਰਮੈਨ ਚੰਦਨ ਗਰੇਵਾਲ, ਰਮੇਸ਼ ਸੋਂਧੀ, ਬਲਵੀਰ ਸੋਂਧੀ, ਮਨੋਜ ਫੌਜੀ, ਲੱਕੀ ਅਟਵਾਲ, ਪੰਜਾਬ ਵਾਲਮੀਕਿ ਮਹਾਸਭਾ ਸੰਗਠਨ ਦੇ ਪ੍ਰਧਾਨ ਪੰਕਜ ਪਾਲ ਵਾਲਮੀਕਿ, ਲਵ ਮੱਟੂ, ਅਮਿਤ ਕਲਿਆਣ, ਗਗਨ ਸੋਂਧੀ, ਗੌਰਵ ਸਹੋਤਾ, ਪਰਮਜੀਤ ਭੱਟੀ, ਰਾਕੇਸ਼ ਸੋਂਧੀ, ਮੰਥਨ ਸੋਂਧੀ, ਅੰਸ਼ੂ ਸੋਂਧੀ, ਐਡਵੋਕੇਟ ਸਾਗਰ ਕੁਮਾਰ, ਸੰਜੀਵ ਸਭਰਵਾਲ, ਵਿਸ਼ਾਲ ਨਾਹਰ, ਅੰਬੇਡਕਰ ਨਗਰ ਸਥਿਤ ਭਗਵਾਨ ਵਾਲਮੀਕਿ ਮੰਦਰ ਦੇ ਪ੍ਰਧਾਨ ਆਰ.ਕੇ. ਬਿੱਟੂ ਅਤੇ ਹੋਰ ਪਤਵੰਤੇ ਸ਼ਾਮਲ ਹੋਏ।ਇਸ ਤੋਂ ਇਲਾਵਾ ਨਗਰ ਕੌਂਸਲ ਦੇ ਪ੍ਰਧਾਨ ਵਰੁਣ ਬਾਬਾ, ਜਸਵਿੰਦਰ ਬਵਲਾ, ਕੌਂਸਲਰ ਸ਼ਿਆਮ ਸੁੰਦਰ ਪਾਲ, ਕੌਂਸਲਰ ਕੁਲਵਿੰਦਰ ਭੋਲੀ, ਕੌਂਸਲਰ ਰਾਜਵਿੰਦਰ ਕੌਰ, ਕੌਂਸਲਰ ਮੰਗਲ ਕੁਮਾਰ ਮਾਂਗੀ, ਓਂਕਾਰ ਸਿੰਘ ਮਿੱਠੂ, ਪੰਡਿਤ ਅਵਧ ਸ਼ਰਮਾ, ਵਿਜੇ ਹੰਸ, ਰਜਨੀਕਾਂਤ, ਸੋਮਨਾਥ, ਪਿਆਰਾ ਲਾਲ, ਰਾਜੂ ਅਰੋੜਾ, ਹਰਬੰਸ ਲਾਲ, ਨਾਥੀ ਸਨੋਤਰਾ, ਬਿੰਦਰੀ ਬਾਬਾ, ਲੁਭਾਇਆ ਰਾਮ, ਗਾਇਕ ਦੀਪਕ ਸਹੋਤਾ, ਰਾਜ ਕੁਮਾਰ ਰਾਜੂ, ਰਾਜਾ ਮੱਟੂ, ਲੱਕੀ ਅਟਵਾਲ, ਅਸ਼ਵਨੀ ਕੁਮਾਰ, ਰਾਜਾ ਥਾਪਰ, ਬ੍ਰਿਜ ਭੂਸ਼ਣ ਖੋਸਲਾ, ਰਤਨ ਲਾਲ ਨਾਹਰ, ਜਗਦੀਸ਼ ਖੋਸਲਾ, ਜੀਵਨ ਸਭਰਵਾਲ, ਸੰਜੀਵ ਨਾਹਰ, ਰਾਜੀਵ ਗਿੱਲ, ਸੋਨੂੰ ਗਿੱਲ, ਵੰਸ਼ ਸਹੋਤਾ, ਬਲਵਿੰਦਰ ਬਲ, ਵੀਰ ਕੁਮਾਰ, ਰਾਹੁਲ ਮਹਿਤਾ, ਸੰਦੀਪ ਭੱਟੀ, ਸ਼ਹਿਰੀ ਕਾਂਗਰਸ ਪ੍ਰਧਾਨ ਬਾਲ ਮੁਕੰਦ ਵਾਲੀ, ਜ਼ਿਲ੍ਹਾ ਜਲੰਧਰ ਮਹਿਲਾ ਦਿਹਾਤੀ ਪ੍ਰਧਾਨ ਰੇਣੂ ਸੇਠ, ਸ਼ਕਤੀ ਕੁਮਾਰ, ਅਰਵਿੰਦ ਢਾਂਡਾ, ਰੁਪਿੰਦਰ ਸਿੰਘ, ਰਜਨੀਸ਼ ਕੁਮਾਰ, ਰਾਜੇਸ਼ ਕੁਮਾਰ, ਗੋਰਾ ਨਾਹਰ ਅਤੇ ਨੀਰਜ ਨਾਹਰ ਸਮੇਤ ਹੋਰ ਬਹੁਤ ਸਾਰੇ ਪਤਵੰਤੇ ਅਤੇ ਸ਼ਰਧਾਲੂ ਹਾਜ਼ਰ ਸਨ।